ਸੈਕਰਾਮੈਂਟੋ ਕਾਉਂਟੀ (SACRAMENTO COUNTY)

ਵੋਟਰ ਰਜਿਸਟਰੇਸ਼ਨ ਅਤੇ ਚੋਣਾਂ (VOTER REGISTRATION AND ELECTIONS)

ਵੋਟਰਾਂ ਦੀ ਚੋਣ ਕਿਰਿਆ (VOTER'S CHOICE ACT)

# ਚੋਣ ਸੰਚਾਲਨ ਯੋਜਨਾ (ELECTION ADMINISTRATION PLAN)

2018

ਸੈਕਰਾਮੈਂਟੋ ਕਾਉਂਟੀ ਚੋਣ ਸੰਚਾਲਨ ਯੋਜਨਾ (Sacramento County Election Administration Plan)

ਵਿਸ਼ਾ ਸੂਚੀ


ਜਾਣ-ਪਛਾਣ ........ ii

ਭਾਗ 1 - ਵੋਟਰ ਜਾਣਕਾਰੀ ਅਤੇ ਪਹੁੰਚ (ਆਊਟਰੀਚ) ਯੋਜਨਾ ........ 1

ਆਮ ਲੋੜਾਂ ........ 1

ਭਾਸ਼ਾ ਸਬੰਧੀ ਅਲਪ ਸੰਖਿਅਕ ਭਾਈਚਾਰਿਆਂ ਦੇ ਨਾਲ ਜਾਣਕਾਰੀ ਅਤੇ ਪਹੁੰਚ ........ 4

ਅਪਾਹਜਪੁਣੇ ਸਬੰਧੀ ਅਲਪ ਸੰਖਿਅਕ ਭਾਈਚਾਰਿਆਂ ਦੇ ਨਾਲ ਜਾਣਕਾਰੀ ਅਤੇ ਪਹੁੰਚ ........ 6

ਭਾਗ 2 - ਚੋਣ ਸੰਚਾਲਨ ਯੋਜਨਾ ਵੋਟ ਕੇਂਦਰ ਮਾੱਡਲ (VOTE CENTER MODEL) ........ 7

ਆਮ ........ 7

ਵੋਟ ਪਰਚੀ ਸਬੰਧੀ ਪਹੁੰਚ ........ 7

ਵੋਟ ਕੇਂਦਰ ਸਬੰਧੀ ਮਹੱਤਵਪੂਰਨ ਤੱਤ ........ 8

ਵੋਟ ਪਰਚੀ ਡ੍ਰੌਪ ਬੌਕਸ ਸਬੰਧੀ ਮਹੱਤਵਪੂਰਨ ਤੱਤ ........ 10

ਵੋਟ ਕੇਂਦਰ ਅਤੇ ਡ੍ਰੌਪ ਬੌਕਸ ਸਥਾਨ ਦੇ ਨਕਸ਼ੇ ........ 11

ਵਾਧੂ ਚਿੰਤਨ ........ 11

ਨੱਥੀ ਚੀਜ਼ਾਂ ਦੀ ਸੂਚੀ ........ 13

ਸੈਕਰਾਮੈਂਟੋ ਕਾਉਂਟੀ ਵੋਟਰ ਰਜਿਸਟਰੇਸ਼ਨ ਅਤੇ ਚੋਣਾਂ

ਚੋਣ ਸੰਚਾਲਨ ਯੋਜਨਾ

E.C.4005(a)(10)(I)

ਜਾਣ-ਪਛਾਣ

ਸੈਕਰਾਮੈਂਟੋ ਕਾਉਂਟੀ ਦੇ ਵੋਟਰਾਂ ਦਾ ਚੋਣਾਂ ਵਿੱਚ ਹਿੱਸਾ ਲੈਣ ਦਾ ਕਾਫ਼ੀ ਪੁਰਾਣਾ ਇਤਿਹਾਸ ਹੈ। 2002 ਵਿੱਚ ਬਿਨਾਂ ਕਿਸੇ ਬਹਾਨੇ ਦੇ ਡਾਕ ਵਿੱਚ ਵੋਟਾਂ ਪਾਉਣ ਦੀ ਸ਼ੁਰੂਆਤ ਤੋਂ ਲੈ ਕੇ, ਡਾਕ (VBM) ਦੁਆਰਾਂ ਵੋਟ ਪਾਉਣ ਵਾਲੇ ਵੋਟਾਂ ਦੀ ਸੰਖਿਆ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ਅਤੇ ਕਾਉਂਟੀ ਦੇ ਰਜਿਸਟਰਡ ਵੋਟਰਾਂ ਵਿੱਚ ਲਗਾਤਾਰ 64% ਦਾ ਵਾਧਾ ਹੋਇਆ ਹੈ।

ਜੂਨ 2017 ਵਿੱਚ ਇਸ ਵੋਟ ਕੇਂਦਰ ਮਾੱਡਲ (ਮਾੱਡਲ) ਨੂੰ ਅਪਨਾਉਣ ਤੋਂ ਬਾਅਦ, ਸੈਕਰਾਮੈਂਟੋ ਕਾਉਂਟੀ ਵੋਟਰ ਰਜਿਸਟਰੇਸ਼ਨ ਅਤੇ ਚੋਣਾਂ (VRE) ਨੇ ਵੋਟਿੰਗ ਪਹੁੰਚਯੋਗਤਾ ਸਲਾਹਕਾਰ ਕਮੇਟੀ (Voting Accessibility Advisory Committee) (VAAC) ਅਤੇ ਇੱਕ ਭਾਸ਼ਾ ਪਹੁੰਚਯੋਗਤਾ ਸਲਾਹਕਾਰ ਕਮੇਟੀ (Language Accessibility Advisory Committee) (LAAC) ਦੋਵਾਂ ਨੂੰ ਸਥਾਪਤ ਕੀਤਾ ਗਿਆ ਹੈ। ਦੋਵੇਂ ਕਮੇਟੀਆਂ ਨੇ VRE ਨੂੰ ਮਹੱਤਵਪੂਰਨ ਮਾਰਗਦਰਸ਼ਨ ਮੁਹੱਈਆ ਕੀਤਾ ਹੈ ਅਤੇ ਇਹ ਕਾਉਂਟੀ ਲਈ ਚੋਣ ਸੰਚਾਲਨ ਦਾ ਬੁਨਿਆਦੀ ਤੱਤ ਬਣਨਾ ਜਾਰੀ ਰੱਖੇਗਾ।

VRE ਨੇ ਨਿਵਾਸੀਆਂ ਨੂੰ ਵੋਟ ਕੇਂਦਰ ਮਾੱਡਲ ਬਾਰੇ ਅਤੇ ਭਾਈਚਾਰਕ ਸ਼ਮੂਲੀਅਤ ਦੇ ਮੌਕਿਆਂ ਬਾਰੇ ਸੂਚਿਤ ਕਰਨ ਲਈ ਆਪਣੇ ਵੋਟਰ ਜਾਣਕਾਰੀ ਪ੍ਰੋਗਰਾਮ ਦਾ ਵਿਸਤਾਰ ਕਰਨ ਦੀ ਯੋਜਨਾ ਬਣਾਈ ਹੈ। ਯੋਜਨਾ ਵਿੱਚ ਕਈ ਭਾਈਵਾਲ ਸੰਗਠਨ ਸ਼ਾਮਲ ਹਨ ਅਤੇ ਉਹਨਾਂ ਦਾ ਸਹਿਯੋਗ ਸੈਕਰਾਮੈਂਟੋ ਕਾਉਂਟੀ ਵਿੱਚ ਵੋਟ ਕੇਂਦਰ ਮਾੱਡਲ ਚੋਣਾਂ ਦੇ ਸਫ਼ਲ ਲਾਗੂਕਰਨ ਲਈ ਬਹੁਤ ਮਹੱਤਵਪੂਰਨ ਹੈ।

ਇਸ ਨਵੇਂ ਮਾੱਡਲ ਲਈ ਪਹਿਲੀਆਂ ਚੋਣਾਂ ਜੂਨ 2018 ਵਿੱਚ ਸਟੇਟਵਾਈਡ ਪ੍ਰਾਈਮਰੀ (Statewide Primary) ਵਿੱਚ ਹਨ। ਇਹ ਚੋਣ ਸੰਚਾਲਨ ਯੋਜਨਾ (ਯੋਜਨਾ) ਇਸ ਬਾਰੇ ਜਾਣਕਾਰੀ ਮੁਹੱਈਆ ਕਰਦੀ ਹੈ ਕਿ ਕਾਉਂਟੀ ਵੋਟਰ ਦੀ ਚੋਣ ਕਿਰਿਆ ਕਿਵੇਂ ਲਾਗੂ ਕਰੇਗੀ। ਇਸ ਯੋਜਨਾ ਵਿੱਚ ਸੂਚੀਬੱਧ ਕਈ ਕਿਰਿਆਵਾਂ ਭਵਿੱਖ ਨਾਲ ਸਬੰਧਿਤ ਹਨ ਅਤੇ ਇੱਕ ਅਜਿਹੇ ਫ੍ਰੇਮਵਰਕ ਦੇ ਤੌਰ 'ਤੇ ਸੂਚੀਬੱਧ ਹਨ, ਜਿਸ ਲਈ ਇਹ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ।

ਸੰਖੇਪ ਨਾਲ, ਇਹ ਮਾੱਡਲ ਵੋਟਰਾਂ ਨੂੰ ਆਪਣੀ ਵੋਟ ਪਾਉਣ ਲਈ ਹੋਰ ਮੌਕੇ ਪ੍ਰਦਾਨ ਕਰਦਾ ਹੈ। ਸਾਰੇ ਵੋਟਰ ਇੱਕ VBM ਵੋਟ-ਪਰਚੀ ਪ੍ਰਾਪਤ ਕਰਦੇ ਹਨ ਅਤੇ ਕਾਉਂਟੀ ਵਿੱਚ ਕਿਸੇ ਵੀ ਵੋਟ ਕੇਂਦਰ ਵਿਖੇ ਜਾ ਸਕਦੇ ਹਨ। ਵੋਟ ਕੇਂਦਰਾਂ ਅਤੇ ਵੋਟ ਪਰਚੀ ਡ੍ਰੌਪ ਬੌਕਸ ਥਾਵਾਂ ਦੀ ਸੰਖਿਆ ਕਿਸੇ ਵੀ ਚੋਣਾਂ ਤੋਂ 88 ਦਿਨ ਪਹਿਲਾਂ ਰਜਿਸਟਰਡ ਵੋਟਰਾਂ ਦੀ ਸੰਥਿਆ ਦੇ ਆਧਾਰ 'ਤੇ ਪ੍ਰਮਾਣਿਤ ਕੀਤੀ ਜਾਏਗੀ। ਇਹ ਚੋਣ ਸੰਚਾਲਨ ਯੋਜਨਾ ਤਿਆਰ ਕਰਨ ਦੇ ਸਮੇਂ, ਕਾਉਂਟੀ ਨੂੰ ਚੋਣਾਂ ਤੋਂ 28 ਦਿਨਾਂ ਪਹਿਲਾਂ ਤੋਂ ਸ਼ੁਰੂ ਕਰਦੇ ਹੋਏ ਅਤੇ ਚੋਣਾਂ ਵਾਲੇ ਦਿਨ 78 ਵੋਟ ਕੇਂਦਰ (16 ਚੋਣਾਂ ਤੋਂ 10 ਦਿਨ ਪਹਿਲਾਂ ਚਾਲੂ ਅਤੇ ਸਾਰੇ 78 ਚੋਣਾਂ ਤੋਂ 3 ਦਿਨ ਪਹਿਲਾਂ ਅਤੇ ਚੋਣਾਂ ਵਾਲੇ ਦਿਨ ਨੂੰ) ਅਤੇ 52 ਵੋਟ ਪਰਚੀ ਡ੍ਰੌਪ ਬੌਕਸ ਥਾਵਾਂ ਪ੍ਰਮਾਣਿਤ ਹੋਣ ਦੀ ਆਸ ਹੈ। ਵੋਟਰ ਆਪਣੀ ਵੋਟ ਪਰਚੀ ਡਾਕ ਦੁਆਰਾ, ਕਿਸੇ ਵੋਟ ਪਰਚੀ ਡ੍ਰੌਪ ਬੌਕਸ ਸਥਾਨ ਵਿਖੇ, ਜਾਂ ਕਿਸੇ ਵੀ ਵੋਟ ਕੇਂਦਰ ਵਿਖੇ ਵਾਪਸ ਕਰ ਸਕਦੇ ਹਨ।

ਵੋਟ ਕੇਂਦਰ ਪਹੁੰਚਯੋਗ ਵੋਟਿੰਗ ਡਿਵਾਈਸਾਂ ਤੱਕ ਵਧੀ ਹੋਈ ਪਹੁੰਚ ਪੇਸ਼ ਕਰਦੇ ਹਨ, ਜਿਸ ਵਿੱਚ ਹਰੇਕ ਵੋਟ ਕੇਂਦਰ ਵਿਖੇ ਸਥਿਤ ਘੱਟੋ-ਘੱਟ ਤਿੰਨ ਪਹੁੰਚਯੋਗ ਡਿਵਾਈਸਾਂ ਸ਼ਾਮਲ ਹਨ। ਇਸਤੋਂ ਇਲਾਵਾ, ਵੋਟ ਕੇਂਦਰਾਂ ਵਿਖੇ ਦੁਭਾਸ਼ੀਆ ਚੋਣ ਕਰਮਚਾਰੀਆਂ ਦਾ ਸਟਾਫ਼ ਵੀ ਹੋਵੇਗਾ।

**ਭਾਗ 1 - ਵੋਟਰ ਜਾਣਕਾਰੀ ਅਤੇ ਪਹੁੰਚ ਯੋਜਨਾ**

ਸੈਕਰਾਮੈਂਟੋ ਕਾਉਂਟੀ ਵੋਟਰ ਰਜਿਸਟਰੇਸ਼ਨ ਅਤੇ ਚੋਣਾਂ (VRE) ਕਾਉਂਟੀ ਦੇ ਨਿਵਾਸੀਆਂ ਅਤੇ ਆਪਣੇ ਸਾਰੇ ਭਾਈਚਾਰਿਆਂ ਨੂੰ ਵੋਟਿੰਗ ਗਤੀਵਿਧੀਆਂ ਬਾਰੇ ਜਾਣਕਾਰੀ ਮੁਹੱਈਆ ਕਰਨ ਦੇ ਮੌਕੇ ਦਾ ਸੁਆਗਤ ਕਰਦੀ ਹੈ। ਇਹ ਵੋਟਰ ਜਾਣਕਾਰੀ ਅਤੇ ਪਹੁੰਚ ਯੋਜਨਾ ਉਹਨਾਂ ਭਿੰਨ-ਭਿੰਨ ਗਤੀਵਿਧੀਆਂ ਦੀ ਆਮ ਜਾਣਕਾਰੀ ਦੀ ਰੂਪ-ਰੇਖਾ ਹੈ, ਜਿਹਨਾਂ ਨੂੰ ਵੋਟ ਕੇਂਦਰ ਮਾੱਡਲ ਵੋਟਿੰਗ ਵਿੱਚ ਵੋਟਰ ਸ਼ਮੂਲੀਅਤ ਵਧਾਉਣ ਦੇ ਟੀਚੇ ਨਾਲ ਕੀਤਾ ਜਾ ਸਕਦਾ ਹੈ।

ਇਸ ਤੋਂ ਇਲਾਵਾ, VRE ਕਈ ਸੰਸਥਾਵਾਂ ਜੋ ਵੋਟਰਜ਼ ਚੋਇਸ ਐਕਟ (ਵੀਸੀਏ) ਦੇ ਲਾਗੂ ਕਰਨ ਨਾਲ ਸੰਬੰਧਿਤ ਸਿੱਖਿਆ ਅਤੇ ਆਊਟਰੀਚ ਪ੍ਰਦਾਨ ਕਰਨ ਲਈ ਕੈਲੀਫੋਰਨੀਆ ਚੋਣਾਂ (FOCE) ਅਤੇ ਵੋਟਰ ਚੁਆਇਸ ਕੈਲੀਫੋਰਨੀਆ (VCC) ਦੇ ਭਵਿੱਖ ਦੁਆਰਾ ਗ੍ਰਾਂਟਾਂ ਪ੍ਰਦਾਨ ਕੀਤੀਆਂ ਗਈਆਂ ਹਨ, ਦਾ ਸਮਰਥਨ ਪ੍ਰਾਪਤ ਕਰਨ ਲਈ ਤਤਪਰ ਹੈ। ਗਰਾਂਟਾਂ ਦੀ ਸੂਚੀ ਅੰਤਿਕਾ L ਵਿਚ ਦਿਖਾਈ ਗਈ ਹੈ।

**ਲੋੜਾਂ**

**1-A** ***ਚੋਣਾਂ ਦੇ ਨੋਟਿਸ (Election Notice) ਲਈ ਵੋਟ ਪਰਚੀਆਂ ਅਤੇ ਜਨਤਕ ਸੇਵਾ ਘੋਸ਼ਣਾਵਾਂ (Public Service Announcements) (PSA) ਤੱਕ ਪਹੁੰਚ ਲਈ ਮੀਡੀਆ***

*§4005(a)(10)(I)(i)(II), §4005(a)(10)(I)(i)(VIII)*

VRE ਇੱਕ ਪਹੁੰਚਯੋਗ ਫੌਰਮੈਟ ਵਿੱਚ VBM ਵੋਟ ਪਰਚੀ ਪ੍ਰਾਪਤ ਕਰਨ ਬਾਰੇ ਜਾਣਕਾਰੀ ਮੁਹੱਈਆ ਕਰੇਗੀ ਅਤੇ ਇਸ ਦਸਤਾਵੇਜ਼ ਦੇ ਭਾਗ 1 - B ਵਿੱਚ ਵਰਣਨ ਕੀਤੇ ਕੇਂਦਰਾਂ (ਆਊਟਲੈਟਾਂ) ਅਤੇ ਵਿਧੀਆਂ ਦਾ ਉਪਯੋਗ ਕਰਦੇ ਹੋਏ ਉਸ ਵੋਟ ਪਰਚੀ ਦੀ ਬੇਨਤੀ ਕਰਨ ਦੀ ਪ੍ਰਕਿਰਿਆ ਅਤੇ ਹੇਠਾਂ ਦਿੱਤੇ ਦੇ ਤੌਰ 'ਤੇ ਉਹਨਾਂ ਕੇਂਦਰਾਂ (ਆਊਟਲੈਟਾਂ) ਲਈ ਪ੍ਰਕਿਰਿਆ ਕਰੇਗੀ:

1) ਸਥਾਨਕ ਟੈਲੀਵਿਜਨ ਅਤੇ ਭਾਈਚਾਰਾ ਕੇਬਲ ਸਟੇਸ਼ਨ
2) ਅਖਬਾਰ (ਖੇਤਰੀ ਅਤੇ ਭਾਈਚਾਰਕ)
3) ਰੇਡੀਓ
4) ਸੋਸ਼ਲ ਮੀਡੀਆ ਅਤੇ ਵਿਭਾਗ ਦੀ ਵੈਬਸਾਈਟ
    a) ਕਾਉਂਟੀ ਦੇ ਫੇਸਬੁੱਕ (Facebook) ਅਤੇ ਟਵਿੱਟਰ (Twitter) ਖਾਤੇ

b) ਨੈਕਸਟ ਡੋਰ ਐਪ

c) ਸਰਕਾਰ ਵੱਲੋਂ ਡਿਲੀਵਰੀ (Gov Delivery)

5) ਪਬਲਿਕ ਟ੍ਰਾਂਜ਼ਿਟ ਮੈਸੇਜਿੰਗ (ਸੈਕਰਾਮੈਂਟੋ ਖੇਤਰੀ ਟ੍ਰਾਂਜ਼ਿਟ, Elk Grove ਦਾ ਈ-ਟ੍ਰਾਂਸਪੋਰਟ, ਪੈਰਾਟ੍ਰਾਂਜ਼ਿਟ, ਬੱਸਾਂ, ਰੇਲਗੱਡੀਆਂ ਅਤੇ ਟ੍ਰਾਂਜ਼ਿਟ ਕੇਂਦਰ)

6) ਅਜਿਹੇ ਸਮੂਹਾਂ ਨਾਲ ਸਾਂਝੀਆਂ ਕੀਤੀਆਂ ਜਾਣ ਵਾਲੀਆਂ ਸਮੱਗਰੀਆਂ ਜਿਵੇਂ ਪੂਰੀ ਕਾਉਂਟੀ ਵਿੱਚ ਭਾਈਚਾਰਕ ਭਾਈਵਾਲ, ਅਪਾਹਜਪੁਣਾ ਹਿਮਾਇਤੀ ਸੰਗਠਨ, ਨਿਰਵਾਚਿਤ ਅਫ਼ਸਰ, ਖ਼ਾਸ ਜ਼ਿਲ੍ਹੇ, ਸਕੂਲ ਡਿਸਟ੍ਰਿਕਟ, ਭਾਈਚਾਰਾ ਅਧਾਰਿਤ ਸੰਗਠਨ, ਆਸਥਾ-ਅਧਾਰਿਤ ਸੰਗਠਨ ਅਤੇ ਜਨਤਕ ਜਾਣਕਾਰੀ ਅਫ਼ਸਰ

7) FOCE ਅਤੇ VCC ਨਾਲ ਸਮਗੱਰੀ ਨੂੰ ਸਾਂਝਾ ਕਰਨਾ

8) ਵੋਟ ਕੇਂਦਰ ਮਾੱਡਲ ਬਾਰੇ ਇੰਟਰਵਿਊ ਅਤੇ ਬੀ-ਰੋਲ (B-roll) ਪ੍ਰਾਪਤ ਕਰਨ ਵਾਸਤੇ ਸਾਰੇ ਮੀਡੀਆ ਸ੍ਰੋਤਾਂ ਲਈ ਮੌਕਾ ਮੁਹੱਈਆ ਕਰਨ ਵਾਲੇ ਮੀਡੀਆ ਜਾਣਕਾਰੀ ਸੈਸ਼ਨ

9) ਕਾਉਂਟੀ ਦੇ ਵਿਭਾਗ (County Departments) (ਜਿਵੇਂ ਕਿ ਸਿਹਤ ਅਤੇ ਮਨੁੱਖੀ ਸੇਵਾਵਾਂ (Health and Human Services), ਮਨੁੱਖੀ ਸਹਾਇਤਾ (Human Assistance) ਸਾਬਕਾ ਫੌਜੀਆਂ ਦੀਆਂ ਸੇਵਾਵਾਂ (Veteran Services))

10) ਜਨਤਕ ਸੇਵਾ ਦੀਆਂ ਘੋਸ਼ਣਾਵਾਂ, ਕਈ ਫਾਰਮੈਟਾਂ ਵਿੱਚ ਵਿਆਪਕ ਤੌਰ 'ਤੇ ਕਾਉਂਟੀ ਵਿੱਚ ਸੇਵਾ ਪੇਸ਼ ਕਰਨ ਵਾਲੇ ਸਾਰੇ ਕੇਂਦਰਾਂ (ਆਊਟਲੈਟਾਂ) ਵਿੱਚ ਵੰਡੀਆਂ ਜਾਣ ਵਾਲੀਆਂ

11) ਇਲੈਕਟ੍ਰੋਨਿਕ ਇਸ਼ਤਿਹਾਰ-ਬੋਰਡ (ਸੈਕਰਾਮੈਂਟੋ ਸਿਟੀ, ਕਲੀਅਰਚੈਨਲ (ClearChannel))

VRE ਵੋਟਰਾਂ ਨੂੰ ਆਉਣ ਵਾਲੀਆਂ ਚੋਣਾਂ ਬਾਰੇ ਸੂਚਿਤ ਕਰਨ ਲਈ ਅਤੇ ਉਹਨਾਂ ਨੂੰ VRE ਦੀ ਟੋਲ-ਫ੍ਰੀ ਸਹਾਇਤਾ ਹੌਟਲਾਈਨ ਬਾਰੇ ਸੁਚੇਤ ਕਰਨ ਲਈ ਵਿਜ਼ੁਅਲ ਅਤੇ ਔਡੀਓ ਫੌਰਮੈਟਾਂ ਵਿੱਚ PSA ਵਰਤਣਗੇ। PSA ਦਾ ਟੀਚਾ ਅਪਾਹਜ ਵੋਟਰਾਂ, ਜਿਵੇਂ ਕਿ ਉਹ ਲੋਕ, ਜੋ ਬਹਿਰੇ ਹਨ ਜਾਂ ਜਿਹਨਾਂ ਨੂੰ ਸੁਣਨ ਵਿੱਚ ਪਰੇਸ਼ਾਨੀ ਹੈ, ਅਤੇ ਉਹਨਾਂ ਵੋਟਰਾਂ, ਜੋ ਦ੍ਰਿਸ਼ਟੀਹੀਣ ਹਨ ਜਾਂ ਜਿਹਨਾਂ ਨੂੰ ਦੇਖਣ ਵਿੱਚ ਪਰੇਸ਼ਾਨੀ ਹੈ, ਸਮੇਤ ਸਾਰੇ ਵੋਟਰਾਂ ਤੱਕ ਪਹੁੰਚਣ ਲਈ ਟੈਲੀਵਿਜਨ, ਰੇਡੀਓ, ਅਖਬਾਰਾਂ, ਸੋਸ਼ਲ ਮੀਡੀਆ ਅਤੇ ਇਲੈਕਟ੍ਰੋਨਿਕ ਇਸ਼ਤਿਹਾਰ-ਬੋਰਡਾਂ ਲਈ ਹੈ। PSA ਭਾਗ 1-B ਵਿੱਚ ਸੂਚੀਬੱਧ ਕੇਂਦਰਾਂ (ਆਊਟਲੈਟਾਂ) ਨੂੰ ਮੁਹੱਈਆ ਕੀਤੇ ਜਾਣਗੇ।

ਮੁਹੱਈਆ ਕੀਤੀ ਜਾਣ ਵਾਲੀ ਜਾਣਕਾਰੀ ਵਿੱਚ ਕਿਸੇ ਵੀ ਵੋਟ ਕੇਂਦਰ ਵਿਖੇ ਇੱਕ ਪਹੁੰਚਯੋਗ ਵੋਟਿੰਗ ਡਿਵਾਈਸ ਨੂੰ ਵਰਤਣ ਦਾ ਵਿਕਲਪ ਅਤੇ ਇਸਦਾ ਕਿ ਵਿਕਲਪ ਕਿਵੇਂ ਵਰਤਣੀ ਹੈ; ਅਤੇ ਕਾਉਂਟੀ ਦੀ ਡਾਕ ਰਾਹੀਂ ਦੂਰਵਰਤੀ ਪਹੁੰਚਯੋਗ ਵੋਟ (Remote Accessible Vote By Mail) (RAVBM) ਪ੍ਰੋਗਰਾਮ (ਭਾਗ 2-B ਵਿੱਚ ਵਰਣਨ

ਕੀਤਾ ਗਿਆ ਹੈ) ਦੁਆਰਾ ਪਹੁੰਚਯੋਗ ਵੋਟ ਪਰਚੀ ਦੀ ਬੇਨਤੀ ਕਰਨ, ਨਿਸ਼ਾਨ ਲਗਾਉਣ ਅਤੇ ਜਮ੍ਹਾਂ ਕਰਨ ਲਈ ਵਿਧੀ ਸ਼ਾਮਲ ਹੈ।

**1-B** *ਵੋਟਰ ਦੀ ਚੋਣ ਕਿਰਿਆ ਬਾਰੇ ਵੋਟਰਾਂ ਨੂੰ ਜਾਣਕਾਰੀ ਦੇਣ ਲਈ ਭਾਈਚਾਰਕ ਮੌਜੂਦਗੀ §4005(a)(10)(I)(i)(III)*

VRE ਦੀ ਭਾਈਚਾਰਕ ਮੌਜੂਦਗੀ ਵੋਟਰਾਂ ਨੂੰ ਅਤੇ ਕਈ ਤਰ੍ਹਾਂ ਦੇ ਕਾਰਜਕਰਮਾਂ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਸਿੱਧੇ ਵੋਟ ਕੇਂਦਰ ਮਾੱਡਲ ਮੁਹੱਈਆ ਕਰੇਗੀ। VRE ਦਾ ਟੀਚਾ ਸਾਡੇ ਵੋਟਰਾਂ ਨੂੰ ਜਾਣਕਾਰੀ ਦੇਣ ਦੇ ਮੌਕਿਆਂ ਦੀ ਪਛਾਣ ਕਰਨ ਲਈ, ਵੋਟਿੰਗ ਉਪਕਰਨ ਦੇ ਪ੍ਰਦਰਸ਼ਨਾਂ ਦੀ ਪੇਸ਼ਕਸ਼ ਕਰਨ ਲਈ, ਅਤੇ ਇਹ ਸਪਸ਼ਟ ਕਰਨ ਲਈ ਕਿ ਇੱਕ ਪਹੁੰਚਯੋਗ ਵੋਟ ਪਰਚੀ ਲਈ ਬੇਨਤੀ ਕਿਵੇਂ ਕਰਨੀ ਹੈ ਅਤੇ ਇਹ ਪ੍ਰਾਪਤ ਕਰਨੀ ਹੈ, ਸਾਡੇ ਭਾਈਚਾਰਕਾਂ ਭਾਈਵਾਲਾਂ, ਅਤੇ LAAC ਅਤੇ VAAC ਦੇ ਨਾਲ ਤਾਲਮੇਲ ਕਰਨਾ ਹੈ। VRE ਕਾਉਂਟੀ ਦੇ ਸਾਰੇ ਖੇਤਰਾਂ ਤੱਕ ਪਹੁੰਚਣ ਦਾ ਹਰ ਯਤਨ ਕਰੇਗੀ, ਸ਼ਹਿਰਾਂ ਅਤੇ ਭੂਗੋਲਿਕ ਭਾਈਚਾਰਿਆਂ ਦੇ ਨਾਲ-ਨਾਲ ਹਿੱਤ ਵਾਲੇ ਭਾਈਚਾਰਿਆਂ ਸਮੇਤ। ਵੋਟਰਾਂ ਕੋਲ ਵੋਟ ਕੇਂਦਰ ਮਾੱਡਲ ਅਤੇ ਵੋਟ ਪਾਉਣ ਦੇ ਆਪਣੇ ਵਿਕਲਪਾਂ ਬਾਰੇ ਜਾਣਨ ਦੇ ਹੋਰ ਮੌਕੇ ਹੋਣਗੇ, ਜਿਹਨਾਂ ਵਿੱਚ ਹੇਠਾਂ ਦਿੱਤੇ ਸ਼ਾਮਲ ਹਨ, ਪਰੰਤੂ ਇਹਨਾਂ ਤੱਕ ਸੀਮਿਤ ਨਹੀਂ ਹਨ:

1) ਵਿਭਾਗ ਦਾ VAAC ਅਤੇ LAAC
   a) ਮੀਟਿੰਗਾਂ, ਜਿਹਨਾਂ ਵਿੱਚ ਸ਼ਾਮਲ ਹਨ, ਵੋਟਿੰਗ ਸਿਸਟਮ ਦੇ ਪ੍ਰਦਰਸ਼ਨ ਅਤੇ ਸੂਚਨਾ ਦੇਣ ਵਾਲੀਆਂ ਅੱਪਡੇਟਾਂ
   b) VAAC ਅਤੇ LAAC ਮੈਂਬਰਾਂ ਦੇ ਨਾਲ ਸਮੱਗਰੀਆਂ ਦਾ ਵਿਕਾਸ ਅਤੇ ਉਹਨਾਂ ਦੇ ਭਾਈਚਾਰਿਆਂ ਵਿੱਚ ਵੰਡ ਲਈ ਪੇਸ਼ ਕਰਨਾ

2) ਭਾਈਚਾਰਕ ਕਾਰਜਕਰਮ (ਸੰਖਿਪਤ ਸੂਚੀ)
   a) ਸੈਕਰਾਮੈਂਟੋ ਫੂਡ ਬੈਂਕ (Sacramento Food Bank) - ਛੁੱਟੀ ਵਾਲੇ ਦਿਨ ਭੋਜਨ ਸਬੰਧੀ ਕਾਰਜਕਰਮ, ਅਤੇ ਚਾਲੂ ਕਾਰਜਕਰਮ
   b) ਐਲਕ ਗ੍ਰੋਵ ਪੰਪਕਿਨ ਫੈਸਟੀਵਲ (Elk Grove Pumpkin Festival)
   c) ਫੇਅਰ ਓਕਸ ਚਿਕਨ ਫੈਸਟੀਵਲ (Fair Oaks Chicken Festival)
   d) ਫੈਸਟੀਵਲ ਦੇ ਲਾ ਫੈਮਿਲਿਆ (Festival de la Familia)

e) ਵੀਯਤਨਾਮੀਜ ਟੈਟ ਫੈਸਟੀਵਲ (Vietnamese Tet Festival)

f) ਬਨਾਨਾ ਫੈਸਟੀਵਲ (Banana Festival)

g) ਸੈਕਰਾਮੈਂਟੋ ਕੋਮਿਕ ਕੋਨ (Sacramento Comic Con)

h) ਰੇਨਬੋ ਫੈਸਟੀਵਲ (Rainbow Festival)

i) ਅਪਾਹਜਪੁਣੇ ਸਬੰਧੀ ਸੁਚੇਤਤਾ (ਸਟੇਟ ਕੈਪਿਟੋਲ)

j) APAPA ਉਮੀਦਵਾਰਾਂ ਦੀ ਫੋਰਮ

b) ਐਲਕ ਗ੍ਰੋਵ ਮਲਟੀਕਲਚਰਲ ਫੈਸਟੀਵਲ (Elk Grove Multicultural Festival)

l) ਰਿਓ ਲਿੰਡਾ ਕਾਉਂਟੀ ਫੇਅਰ (Rio Linda County Fair)

3) ਕਾਉਂਟੀ ਦੀ ਵੰਨ-ਸੁਵੰਨੀ ਅਬਾਦੀ ਲਈ ਪੇਸ਼ਕਾਰੀਆਂ:

a) ਗਵਾਂਢੀ ਐਸੋਸੀਏਸ਼ਨਾਂ

b) ਕਾਉਂਟੀ ਬੋਰਡ ਸੁਪਰਵਾਈਜਰ

c) ਕਾਉਂਟੀ ਦੀ ਅਪਾਹਜਪੁਣਾ ਸਲਾਹਕਾਰ ਕਮੇਟੀ (County Disability Advisory Committee)

d) ਕੈਲੀਫੋਰਨੀਆ ਰਾਜ VAAC ਅਤੇ LAAC (State of California VAAC and LAAC)

e) ਸਿਟੀ ਕਾਉਂਸਿਲਾਂ ਅਤੇ ਸਿਟੀ ਕਲਰਕ

f) ਨਿਰਵਾਚਿਤ ਅਫ਼ਸਰਾਂ ਦੇ ਟਾਊਨ ਹਾਲ

g) ਸਕੂਲ ਡਿਸਟ੍ਰਿਕਟ ਬੋਰਡ

h) ਖ਼ਾਸ ਡਿਸਟ੍ਰਿਕਟ ਬੋਰਡ

i) ਕਾਉਂਟੀ ਦੀਆਂ ਕੇਂਦਰੀ ਕਮੇਟੀਆਂ ਅਤੇ ਰਾਜਨੀਤਿਕ ਕਮੇਟੀਆਂ (County Central Committees and Political Committees)

j) ਆਸਥਾ-ਅਧਾਰਿਤ ਭਾਈਚਾਰੇ

k) ਸੇਵਾ ਪ੍ਰਦਾਤਾ (ਜਿਵੇਂ ਕਿ ਸੁਤੰਤਰ ਰਹਿਣ ਵਾਲੇ ਕੇਂਦਰ, ਈਸਟਰਸ ਈਲਸ, ਕੈਲੀਫੋਰਨੀਆ ਕਾਉਂਸਿਲ ਔਫ ਦਿ ਬਲਾਈਂਡ)

l) ਭਾਸ਼ਾ ਸਬੰਧੀ ਭਾਈਚਾਰੇ (ਜਿਵੇਂ ਕਿ ਲਾ ਫੈਮਿਲਿਆ (La Familia), ਏਸ਼ੀਆਈ ਪੈਸੀਫਿਕ ਆਈਲੈਂਡਰ ਅਮਰੀਕੀ ਪਬਲਿਕ ਐਅਰਜ਼ (APAPA), ਏਸ਼ੀਅਨ ਕਮਿਊਨਿਟੀ ਸੈਂਟਰ (ACC), ਏਸ਼ੀਅਨ ਅਮੈਰੀਕਨ ਐਡਵਾਂਸ ਜਸਟਿਸ (AAAJ), ਯੂਨਾਈਟਿਡ ਲਾਤੀਨੀ ਅਮਰੀਕੀ ਨਾਗਰਿਕਾਂ ਦੀ ਲੀਗ (LULAC), ਕਾਉਂਟੀ ਲੇਟਿਨੋ ਕੌਕੁਸ (County Latino Caucus))

m) ਵੋਟਿੰਗ ਹਿਮਾਇਤੀ ਸਮੂਹ (ਜਿਵੇਂ ਕਿ ਲੀਗ ਔਫ ਵੂਮੈਨ ਵੋਟਰਸ, ਅਰਬਨ ਲੀਗ, ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ (ACLU), ਨੈਸ਼ਨਲ ਐਸੋਸੀਏਸ਼ਨ ਫਾਰ ਅਡਵਾਂਸਮੈਂਟ ਆਫ ਕਲੋਰਡ ਪੀਪਲ (NAACP), ਸਾਂਝਾ ਹਿੱਤ, ਡਿਸਬਿਲਟੀ ਡਿਜਿਲਿਟੀ ਰਾਈਟਸ ਕੈਲੀਫੋਰਨੀਆ (DRC), ਪੀਪਲ ਪਾਵਰ, ਸੈਕਰਾਮੈਂਟੋ ਕਾਊਂਟੀ ਡਿਸਏਬਿਲਿਟੀ ਐਡਵੋਕੇਟ ਕਮਿਸ਼ਨ (DAC))

n) ਪਰਉਪਕਾਰੀ ਸੰਗਠਨ (ਜਿਵੇਂ ਕਿ ਸੋਰੋਪਟਿਮਿਸਟਸ (Soroptimists), ਰੋਟਰੀ (Rotary), ਕਿਵਾਨਿਸ (Kiwanis))

o) ਸਿਟੀ ਔਫ ਸੈਕਰਾਮੈਂਟੋ VCA ਗਠਬੰਧਨ (City of Sacramento VCA Coalition)

p) ਕਾਲੇਜ ਅਤੇ ਯੂਨੀਵਰਸਿਟੀਆਂ

q) ਸੈਕਰਾਮੈਂਟੋ ਪਬਲਿਕ ਲਾਇਬ੍ਰੇਰੀਆਂ

4) ਮੁੜ-ਮੁੜ ਆਉਣ ਵਾਲੇ ਪਹੁੰਚ ਮੌਕੇ

a) ਕਿਸਾਨਾਂ ਦੀਆਂ ਮਾਰਕੀਟਾਂ (ਸੀਜਨ ਦੇ ਮੁਤਾਬਕ ਭਿੰਨ-ਭਿੰਨ)

b) KP ਇੰਟਰਨੈਸ਼ਨਲ ਮਾਰਕੀਟਪਲੇਸ (KP International Marketplace)

c) ਰੈਂਚ 99 ਮਾਰਕੀਟ (Ranch 99 Market)

d) ਹਾਈ ਸਕੂਲ ਸਿੱਖਿਆ ਪ੍ਰੋਗਰਾਮ (ਅਪ੍ਰੈਲ, ਸਤੰਬਰ ਅਤੇ ਜਿਵੇਂ ਸੱਦਾ ਦਿੱਤਾ ਗਿਆ ਹੋਵੇ)

f) ਨਵੇਂ ਨਾਗਰਿਕ ਸਮਾਰੋਹ (New Citizen Ceremonies)

g) ਬਾਲਗ ਸਿੱਖਿਆ (Adult Education) ਅਤੇ ਅੰਗਰੇਜ਼ੀ ਇੱਕ ਦੂਜੀ ਭਾਸ਼ਾ ਦੇ ਤੌਰ ਤੇ (ESL) ਪ੍ਰੋਗਰਾਮ (ਸਕੂਲ ਡਿਸਟ੍ਰਿਕਟਾਂ ਦੁਆਰਾ)

## 1-C *ਵੋਟਰ ਜਾਣਕਾਰੀ ਅਤੇ ਪਹੁੰਚ ਲਈ ਵਸੀਲਿਆਂ ਦੀ ਵਰਤੋਂ।*

*§4005(a)(10)(I)(i)(VII)*

VRE ਇਹ ਯਕੀਨੀ ਬਣਾਉਣ ਲਈ ਜ਼ਰੂਰੀ ਵਸੀਲਿਆਂ ‘ਤੇ ਖਰਚ ਕਰੇਗਾ ਕਿ ਵੋਟਰਾਂ ਨੂੰ ਵੋਟ ਕੇਂਦਰ ਮਾੱਡਲ ਦੀ ਵੋਟਿਗ ਪ੍ਰਕਿਰਿਆ ਬਾਰੇ ਸੂਚਿਤ ਕੀਤਾ ਜਾਂਦਾ ਹੈ। ਪਿਛਲੇ ਸਾਲਾਂ ਦੇ ਜਾਣਕਾਰੀ ਅਤੇ ਪਹੁੰਚ ਬਜਟ ਦੀ ਤੁਲਨਾ ਦੇ ਨਾਲ ਜੂਨ 2018 ਦੀਆਂ ਚੋਣਾਂ ਲਈ ਬਜਟ ਜਾਣਕਾਰੀ ਅੰਤਿਕਾ J ਵਿੱਚ ਦਿਖਾਈ ਗਈ ਹੈ।

## 1-D *ਆਉਣ ਵਾਲੀਆਂ ਚੋਣਾਂ ਬਾਰੇ ਜਾਣਕਾਰੀ ਮੁਹੱਈਆ ਕਰਨ ਅਤੇ ਟੋਲ-ਫ੍ਰੀ ਵੋਟਰ ਸਹਾਇਤਾ ਹੌਟਲਾਈਨ ਦਾ ਪ੍ਰਚਾਰ ਕਰਨ ਲਈ ਵੋਟਰਾਂ ਨਾਲ ਸਿੱਧੇ ਸੰਪਰਕ।*

*§4005(a)(10)(I)(i)(X)*

VRE ਆਉਣ ਵਾਲੀਆਂ ਚੋਣਾਂ ਬਾਰੇ ਅਤੇ VRE ਦੀ ਟੋਲ-ਫ੍ਰੀ ਸਹਾਇਤਾ ਹੌਟਲਾਈਨ ਦੀ ਉਪਲਬਧਤਾ ਬਾਰੇ ਜਾਣਕਾਰੀ ਮੁਹੱਈਆ ਕਰਨ ਲਈ ਸੈਕਰਾਮੈਂਟੋ ਕਾਉਂਟੀ ਦੇ ਹਰੇਕ ਰਜਿਸਟਰਡ ਵੋਟਰ ਨੂੰ ਦੋ ਵਾਰ ਪੋਸਟ ਕਾਰਡ ਰਾਹੀਂ ਸੰਪਰਕ ਕਰੇਗੀ। ਸੰਪਰਕ ਇਸ ਬਾਰੇ ਕਿ ਵੋਟਰ ਜਾਣਕਾਰੀ ਗਾਈਡ (Voter Information Guide) ਦੀ ਆਸ ਕਦੋਂ ਕੀਤੀ ਜਾਵੇ ਅਤੇ ਵੋਟ ਕੇਂਦਰ ਮਾੱਡਲ ਚੋਣਾਂ ਵਿੱਚ ਵੋਟਿੰਗ ਵਿਕਲਪਾਂ ਬਾਰੇ ਵੀ ਜਾਣਕਾਰੀ ਮੁਹੱਈਆ ਕਰ ਸਕਦੇ ਹਨ।

## 1-E *ਇੱਕ ਵਿਕਲਪਿਕ ਭਾਸ਼ਾ ਜਾਂ ਇੱਕ ਪਹੁੰਚਯੋਗ ਫੌਰਮੈਟ VBM ਵਿੱਚ ਸਮੱਗਰੀਆਂ ਦੀ ਬੇਨਤੀ ਕਰਨ ਲਈ ਡਾਕ-ਟਿਕਟ ਲੱਗਿਆ ਪੋਸਟਕਾਰਡ*

*§4005(a)(8)(B)(iii)*

ਸਾਰੇ ਰਜਿਸਟਰਡ ਵੋਟਰ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਅਤੇ ਇੱਕ ਪਹੁੰਚ ਯੋਗ ਫੌਰਮੈਟ ਵਿੱਚ VBM ਵੋਟ ਪਰਚੀ ਦੀ ਬੇਨਤੀ ਕਰਨ ਲਈ ਆਪਣੀ ਕਾਉਂਟੀ ਵੋਟਰ ਜਾਣਕਾਰੀ ਗਾਈਡ ਦੇ ਨਾਲ ਇੱਕ ਡਾਕ-ਟਿਕਟ ਲੱਗਿਆ ਪੋਸਟਕਾਰਡ ਪ੍ਰਾਪਤ ਕਰਨਗੇ। ਪੋਸਟਕਾਰਡ ਨੂੰ ਭਰਨ ਅਤੇ ਵਾਪਸ ਕਰਨ ਬਾਰੇ ਨਿਰਦੇਸ਼ ਗਾਈਡ ਵਿੱਚ ਅਤੇ VRE ਦੀ ਵੈਬਸਾਈਟ 'ਤੇ ਮੌਜੂਦ ਹੋਣਗੇ।

## *ਭਾਸ਼ਾ ਸਬੰਧੀ ਅਲਪ ਸੰਖਿਅਕ ਭਾਈਚਾਰਿਆਂ ਦੇ ਨਾਲ ਜਾਣਕਾਰੀ ਅਤੇ ਪਹੁੰਚ*

*§4005(a)(10)(I)(i)(I)*

VRE ਨੇ ਘੱਟ ਅੰਗਰੇਜ਼ੀ ਜਾਣਨ ਵਾਲੇ ਵੋਟਰਾਂ ਦੁਆਰਾ ਚੋਣ ਸਬੰਧੀ ਪ੍ਰਕਿਰਿਆ ਤੱਕ ਪਹੁੰਚ ਨਾਲ ਸਬੰਧਿਤ ਸੰਘੀ ਅਤੇ ਰਾਜ ਦੇ ਕਨੂੰਨਾਂ ਦੇ ਲਾਗੂਕਰਨ ਬਾਰੇ ਸਲਾਹ ਅਤੇ ਸਹਾਇਤਾ ਦੇਣ ਲਈ ਅਗਸਤ 2017 ਵਿੱਚ ਇੱਕ ਭਾਸ਼ਾ ਪਹੁੰਚਯੋਗਤਾ ਸਲਾਹਕਾਰ ਕਮੇਟੀ (Language Accessibility Advisory Committee) (LAAC) ਸਥਾਪਤ ਕੀਤੀ ਸੀ। LAAC ਵਿੱਚ ਸਥਾਨਕ ਨਿਵਾਸੀ ਹਨ, ਜੋ ਕਾਉਂਟੀ ਦੇ ਅਲਪ ਸੰਖਿਅਕ ਭਾਸ਼ਾ ਸਬੰਧੀ ਭਾਈਚਾਰਿਆਂ ਦੀ ਹਿਮਾਇਤ ਕਰਦੇ ਹਨ। LAAC ਬਾਰੇ ਜਾਣਕਾਰੀ ਲਈ ਅੰਤਿਕਾ B ਦੇਖੋ।

## *1-F ਵੋਟਰਾਂ ਨੂੰ ਆਉਣ ਵਾਲੀਆਂ ਚੋਣਾਂ ਬਾਰੇ ਸੂਚਿਤ ਕਰਨਾ ਅਤੇ ਭਾਸ਼ਾ ਸਬੰਧੀ ਅਲਪ ਸੰਖਿਅਕ ਭਾਈਚਾਰਿਆਂ ਨੂੰ ਸੇਵਾ ਦੇਣ ਵਾਲੇ ਮੀਡੀਆ ਦੇ ਨਾਲ ਟੋਲ-ਫ੍ਰੀ ਵੋਟਰ ਸਹਾਇਤਾ ਹੌਟਲਾਈਨ ਦਾ ਪ੍ਰਚਾਰ ਕਰਨਾ*

*§4005(a)(10)(I)(i)(I)*

ਭਾਸ਼ਾ ਸਬੰਧੀ ਅਲਪ ਸੰਖਿਅਕ ਭਾਈਚਾਰਿਆਂ ਦੇ ਨਾਲ ਜਾਣਕਾਰੀ ਸਾਂਝਾ ਕਰਨਾ, ਜਿਹਨਾਂ ਵਿੱਚ ਸ਼ਾਮਲ ਹੈ ਵੋਟ ਕੇਂਦਰ ਮਾੱਡਲ, ਵੋਟਿੰਗ ਵਿਕਲਪਾਂ ਅਤੇ ਸਹਾਇਤਾ ਲਈ ਟੋਲ-ਫ੍ਰੀ ਪਹੁੰਚ ਹੌਟਲਾਈਨ ਬਾਰੇ ਜਾਣਕਾਰੀ ਸਮੇਤ, ਹੇਠ ਲਿਖਿਆਂ ਨੂੰ ਸ਼ਾਮਲ ਕਰਨ ਦੇ ਟੀਚੇ ਦੇ ਨਾਲ ਇੱਕ ਬਹੁ-ਆਯਾਮੀ ਦ੍ਰਿਸ਼ਟੀਕੋਣ ਹੋਵੇਗਾ:

1) ਟੈਲੀਵਿਜਨ (ਜਿਵੇਂ ਕਿ ਯੂਨੀਵਿਜਨ (Univision), ਟੈਲੀਮੁੰਡੋ (Telemundo), ਅਜ਼ਟੈਕਾ ਅਮੇਰਿਕਾ (Azteca America), ਕ੍ਰੌਸਿੰਗਸ ਟੀਵੀ (Crossings TV) ਦੇ ਨਾਲ-ਨਾਲ ਸਥਾਨਕ ਅੰਗਰੇਜ਼ੀ ਚੈਨਲ ਅਤੇ ਸਥਾਨਕ ਪਹੁੰਚ ਵਾਲੇ ਚੈਨਲ - ਮੈਟਰੋਕੇਬਲ/ਅਕਸੈਸ ਸੈਕਰਾਮੈਂਟੋ (MetroCable/Access Sacramento))
2) ਅਖਬਾਰ (ਜਿਵੇਂ ਕਿ ਸੈਕਰਾਮੈਂਟੋ ਬੀ (Sacramento Bee), ਵਿਦਾ ਐਨ ਐਲ ਵੈਲੇ (Vida En El Valle), ਡੀ ਪ੍ਰਾਈਮਰੈਮਿਨੋ ਮੈਗਜ਼ੀਨ (D'Primeramino Magazine), APA ਨਿਊਜ਼ ਇਨ ਰਿਵਿਊ (APA News In Review), ਵਰਲਡ ਜਰਨਲ ਨਿਊਜ (World Journal News), ਹਰਬਰਗਰ ਪਬਲੀਕੇਸ਼ਨਸ (Herburger Publications), ਨਿਊਜ ਐਂਡ ਰਿਵਿਊ (News & Review), ਮੈਸੇਂਜਰ ਪਬਲਿਸ਼ਿੰਗ ਗਰੁੱਪ (Messenger Publishing Group))
3) ਰੇਡੀਓ (ਜਿਵੇਂ ਕਿ ਲਾ ਰੈਂਚੇਰਾ/ਵਾਈਵ (La Ranchera/Vive), ਰੇਡੀਓ ਲਜ਼ਾਰ (Radio Lazar), ਐਂਟਰਕੋਮ (Entercom) ਸਟੇਸ਼ਨ)
4) ਸੋਸ਼ਲ ਮੀਡੀਆ ਅਤੇ ਵਿਭਾਗ ਦੀ ਵੈਬਸਾਈਟ
    a) ਕਾਉਂਟੀ ਦੇ ਫੇਸਬੁੱਕ (Facebook) ਅਤੇ ਟਵਿੱਟਰ (Twitter) ਖਾਤੇ
    b) ਨੈਕਸਟ ਡੋਰ ਐਪ
    c) ਸਰਕਾਰ ਵੱਲੋਂ ਡਿਲੀਵਰੀ (Gov Delivery)
5) ਇਲੈਕਟ੍ਰੋਨਿਕ ਇਸ਼ਤਿਹਾਰ-ਬੋਰਡ (ਸੈਕਰਾਮੈਂਟੋ ਸਿਟੀ, ਕਲੀਅਰਚੈਨਲ (ClearChannel))
6) ਪਬਲਿਕ ਟ੍ਰਾਂਜ਼ਿਟ ਮੈਸੇਜਿੰਗ (ਸੈਕਰਾਮੈਂਟੋ ਖੇਤਰ ਟ੍ਰਾਂਜ਼ਿਟ (RT), Elk Grove ਦਾ ਈ-ਟ੍ਰਾਂਸਪੋਰਟ, ਪੈਰਾਟ੍ਰਾਂਜ਼ਿਟ, ਬੱਸਾਂ, ਰੇਲਗੱਡੀਆਂ ਅਤੇ ਟ੍ਰਾਂਜ਼ਿਟ ਕੇਂਦਰ)
7) FOCE and VCC ਨਾਲ ਸਮਗੱਰੀ ਸਾਂਝਾ ਕਰਨਾ

8) ਅਜਿਹੇ ਸਮੂਹਾਂ ਨਾਲ ਸਾਂਝੀਆਂ ਕੀਤੀਆਂ ਜਾਣ ਵਾਲੀਆਂ ਸਮੱਗਰੀਆਂ ਜਿਵੇਂ ਪੂਰੀ ਕਾਉਂਟੀ ਵਿੱਚ ਭਾਈਚਾਰਕ ਭਾਈਵਾਲ, ਆਪਣੇ ਨਿਊਜ਼ਲੈਟਰਾਂ ਲਈ ਨਿਰਵਾਚਿਤ ਅਫ਼ਸਰ, ਸ਼ਹਿਰ ਖ਼ਾਸ ਜ਼ਿਲ੍ਹੇ, ਸਕੂਲ ਡਿਸਟ੍ਰਿਕਟ, ਭਾਈਚਾਰਾ ਅਧਾਰਿਤ ਸੰਗਠਨ, ਆਸਥਾ-ਅਧਾਰਿਤ ਸੰਗਠਨ ਅਤੇ ਜਨਤਕ ਜਾਣਕਾਰੀ ਅਫ਼ਸਰ
9) ਵੋਟ ਕੇਂਦਰ ਮਾੱਡਲ ਬਾਰੇ ਇੰਟਰਵਿਊ ਅਤੇ ਬੀ-ਰੋਲ (B-roll) ਪ੍ਰਾਪਤ ਕਰਨ ਵਾਸਤੇ ਸਾਰੇ ਮੀਡੀਆ ਸ੍ਰੋਤਾਂ ਲਈ ਮੌਕਾ ਮੁਹੱਈਆ ਕਰਨ ਵਾਲੇ ਮੀਡੀਆ ਜਾਣਕਾਰੀ ਸੈਸ਼ਨ
10) ਜਨਤਕ ਸੇਵਾ ਦੀਆਂ ਘੋਸ਼ਣਾਵਾਂ, ਕਈ ਫੌਰਮੈਟਾਂ ਵਿੱਚ ਵਿਆਪਕ ਤੌਰ 'ਤੇ ਕਾਉਂਟੀ ਵਿੱਚ ਸੇਵਾ ਪੇਸ਼ ਕਰਨ ਵਾਲੇ ਕੇਂਦਰਾਂ (ਆਊਟਲੈਟਾਂ) ਵਿੱਚ ਵੰਡੀਆਂ ਜਾਣ ਵਾਲੀਆਂ
11) ਕਾਉਂਟੀ ਦੇ ਵਿਭਾਗ (County Departments) (ਜਿਵੇਂ ਤਿ ਸਿਹਤ ਅਤੇ ਮਨੁੱਖੀ ਸੇਵਾਵਾਂ (Health and Human Services), ਮਨੁੱਖੀ ਸਹਾਇਤਾ (Human Assistance) ਸਾਬਕਾ ਫੌਜੀਆਂ ਦੀਆਂ ਸੇਵਾਵਾਂ (Veteran Services), ਪਰਖ ਮਿਆਦ (ਪ੍ਰੋਬੇਸ਼ਨ) ਅਤੇ ਬਾਲ ਸਹਿਯੋਗ ਸੇਵਾਵਾਂ (Child Support Services))
12) ESL ਪ੍ਰੋਗਰਾਮਾਂ ਵਾਲੇ ਬਾਲਗ ਸਿੱਖਿਆ ਸਕੂਲ (ਜਿਵੇਂ ਕਿ ਐਲਕ ਗ੍ਰੋਵ USD (Elk Grove USD), ਸੈਕਰਾਮੈਂਟੋ ਸਿਟੀ USD (Sacramento City USD))

## 1-G *ਭਾਸ਼ਾ ਸਬੰਧੀ ਅਲਪ ਸੰਖਿਅਕ ਵੋਟਰਾਂ ਦੀ ਪਛਾਣ ਕਰਨਾ*

*§4005(a)(10)(I)(i)(V)*

VRE ਭਾਸ਼ਾ ਸਬੰਧੀ ਅਲਪ ਸੰਖਿਅਕ ਵੋਟਰਾਂ ਦੀ ਪਛਾਣ ਕਰਨ ਲਈ ਉਹਨਾਂ ਦੇ ਵੋਟਰ ਰਜਿਸਟਰੇਸ਼ਨ ਫਾਰਮ ਵਿੱਚ ਦਰਸਾਈ ਗਈ ਵੋਟਰ ਦੀ ਭਾਸ਼ਾ ਤਰਜੀਹ ਚੋਣ ਵਰਤਦਾ ਹੈ। ਵੋਟਰ ਆਪਣੀ ਭਾਸ਼ਾ ਸਬੰਧੀ ਤਰਜੀਹ ਨੂੰ ਅੱਪਡੇਟ ਕਰਨ, ਜਾਂ ਕਿਸੇ ਚੋਣਾਂ ਦੇ ਦੌਰਾਨ ਅਫ਼ਸਰਾਂ ਨੂੰ ਚੁਣਨ ਲਈ ਆਪਣੀ ਭਾਸ਼ਾ ਸਬੰਧੀ ਤਰਜੀਹ ਮੁਹੱਈਆ ਕਰਨ ਲਈ ਸਾਨੂੰ ਟੈਲੀਫੋਨ ਜਾਂ ਈਮੇਲ ਰਾਹੀਂ ਵੀ ਸੰਪਰਕ ਕਰ ਸਕਦੇ ਹਨ। US ਜਨਗਣਨਾ (US Census) ਡੇਟਾ ਦੀ ਵਰਤੋਂ ਵੋਟ ਪਾਉਣ ਦੀ ਉਮਰ ਪਾਉਣ ਵਾਲੀ ਅਬਾਦੀ ਦੇ ਉਹਨਾਂ ਭਾਈਚਾਰਿਆਂ ਦੀ ਪਛਾਣ ਕਰਨ ਲਈ ਕੀਤੀ ਜਾਂਦੀ ਹੈ, ਜਿਹਨਾਂ ਦੀ 'ਅੰਗਰੇਜ਼ੀ ਕੁਸ਼ਲਤਾ ਘੱਟ' ਹੈ, ਜਿਹਨਾਂ ਨੂੰ ਭਾਸ਼ਾ ਸਬੰਧੀ ਸਹਾਇਤਾ ਦੀ ਲੋੜ ਹੈ। ਇਹ ਜਾਣਕਾਰੀ VRE ਦੇ ਚੋਣ ਪ੍ਰਬੰਧਨ ਡੇਟਾਬੇਸ ਵਿੱਚ ਸਟੋਰ ਕੀਤੀ ਜਾਂਦੀ ਹੈ।

## 1-H *ਅਲਪ ਸੰਖਿਅਕ ਭਾਸ਼ਾ ਸਬੰਧੀ ਵੋਟਰਾਂ ਲਈ ਵੋਟਰ ਜਾਣਕਾਰੀ ਵਰਕਸ਼ਾਪ*

*4005(a)(10)(I)(i)(VI), §4005(a)(10)(I)(i)(VI)(ia)*

VRE ਸੈਕਰਾਮੈਂਟੋ ਕਾਉਂਟੀ ਦੀ ਸੰਘ ਅਤੇ ਰਾਜ ਵੱਲੋਂ ਲੋੜੀਂਦੀ ਹਰੇਕ ਭਾਸ਼ਾ ਲਈ ਇੱਕ ਦੁਭਾਸ਼ੀਆ ਵੋਟਰ ਜਾਣਕਾਰੀ ਵਰਕਸ਼ਾਪ ਦਾ ਆਯੋਜਨ ਕਰੇਗਾ। ਇਸ ਯੋਜਨਾ ਨੂੰ ਤਿਆਰ ਕਰਨ ਦੇ ਸਮੇਂ, ਇਹ ਭਾਸ਼ਾਵਾਂ ਸਪੇਨੀ, ਚੀਨੀ, (ਸੰਘੀ ਭਾਸ਼ਾਵਾਂ) ਅਤੇ ਟੈਗਲੋਗ, ਵੀਯਤਨਾਮੀ, ਹਮੌਂਗ, ਕੋਰੀਆਈ, ਅਤੇ ਪੰਜਾਬੀ (ਰਾਜ ਦੀਆਂ ਭਾਸ਼ਾਵਾਂ) ਹਨ।

ਇਹ ਵਰਕਸ਼ਾਪਾਂ ਬਸੰਤ ਰੁੱਤ 2018 ਵਿੱਚ ਆਯੋਜਿਤ ਕੀਤੀਆਂ ਜਾਣਗੀਆਂ ਅਤੇ ਵੋਟ ਕੇਂਦਰ ਮਾੱਡਲ ਵੋਟਿੰਗ ਪ੍ਰਕਿਰਿਆ ਤੋਂ ਇਲਾਵਾ, ਨਿਸ਼ਚਿਤ ਭਾਸ਼ਾ ਵਿੱਚ ਉਪਲਬਧ ਸਮੱਗਰੀਆਂ ਅਤੇ ਸਹਾਇਤਾ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਕਾਉਂਟੀ ਦੇ ਭਾਸ਼ਾ ਭਾਈਚਾਰਿਆਂ ਲਈ ਇੱਕ ਮੌਕਾ ਮੁਹੱਈਆ ਕਰਨਗੀਆਂ। ਸਾਰੀਆਂ ਵਰਕਸ਼ਾਪਾਂ ਵਿੱਚ ਸ਼ਾਮਲ ਹੋਣ ਵਾਲਿਆਂ ਦੀ ਸਹਾਇਤਾ ਕਰਨ ਲਈ ਭਾਸ਼ਾ ਸਬੰਧੀ ਖ਼ਾਸ ਦੁਭਾਸ਼ੀਏ ਮੌਜੂਦ ਹੋਣਗੇ। LAAC ਦੇ ਮੈਂਬਰ ਵਰਕਸ਼ਾਪ ਦੇ ਸਥਾਨਾਂ ਅਤੇ ਤਾਰੀਖਾਂ ਦੀ ਚੋਣ ਕਰਨ ਵਿੱਚ ਸਹਾਇਤਾ ਕਰਨਗੇ। ਵਰਕਸ਼ਾਪ ਕਾਰਜਕਰਮਾਂ ਬਾਰੇ ਜਾਣਕਾਰੀ ਇਸ ਯੋਜਨਾ ਦੇ ਭਾਗ 1-B ਵਿੱਚ ਦਿਖਾਏ ਗਏ ਕੇਂਦਰ (ਆਊਟਲੈਟ) ਵਰਤਦੇ ਹੋਏ, ਮੀਟਿੰਗ ਦੀ ਤਾਰੀਖ ਦੇ ਘੱਟੋ-ਘੱਟ 10 ਪਹਿਲਾਂ ਘੋਸ਼ਿਤ ਕੀਤੀ ਜਾਏਗੀ।

## 1-I *ਅਲਪ ਸੰਖਿਅਕ ਭਾਸ਼ਾ ਸਬੰਧੀ ਨਾਗਰਿਕਾਂ ਲਈ ਜਨਤਕ ਸੇਵਾ ਘੋਸ਼ਣਾ*

*§4005(a)(10)(I)(i)(IX)*

VRE ਅਲਪ ਸੰਖਿਅਕ ਭਾਸ਼ਾ ਸਬੰਧੀ ਭਾਈਚਾਰਿਆਂ ਦੇ ਵੋਟਰਾਂ ਨੂੰ ਆਉਣ ਵਾਲੀਆਂ ਚੋਣਾਂ ਬਾਰੇ ਅਤੇ ਟੋਲ-ਫ੍ਰੀ ਸਹਾਇਤਾ ਹੌਟਲਾਈਨ ਬਾਰੇ ਸੂਚਿਤ ਕਰਨ ਲਈ ਜਨਤਕ ਸੇਵਾ ਘੋਸ਼ਣਾਵਾਂ ਵਰਤੇਗੀ। PSA ਅਲਪ ਸੰਖਿਅਕ ਭਾਸ਼ਾ ਦੇ ਟੈਲੀਵਿਜਨ, ਰੇਡੀਓ ਅਤੇ ਅਖਬਾਰਾਂ ਦੁਆਰਾ ਦਿੱਤੀਆਂ ਜਾਣਗੀਆਂ, ਜਿਵੇਂ ਕਿ ਭਾਗ 1-E ਵਿੱਚ ਵਰਣਨ ਕੀਤਾ ਗਿਆ ਹੈ। LAAC, PSA ਸਮੱਗਰੀ ਤਿਆਰ ਕਰਨ ਵਿੱਚ ਸਹਾਇਤਾ ਮੁਹੱਈਆ ਕਰੇਗੀ।

## *ਅਪਾਹਜ ਭਾਈਚਾਰਿਆਂ ਦੇ ਨਾਲ ਜਾਣਕਾਰੀ ਅਤੇ ਪਹੁੰਚ*

VRE ਨੇ ਅਪਾਹਜ ਵੋਟਰਾਂ ਦੁਆਰਾ ਚੋਣ ਸਬੰਧੀ ਪ੍ਰਕਿਰਿਆ ਤੱਕ ਪਹੁੰਚ ਬਾਰੇ ਸਲਾਹ ਅਤੇ ਸਹਾਇਤਾ ਦੇਣ ਲਈ ਅਗਸਤ 2017 ਵਿੱਚ ਇੱਕ ਵੋਟਿੰਗ ਪਹੁੰਚਯੋਗਤਾ ਸਲਾਹਕਾਰ ਕਮੇਟੀ (Voting Accessibility Advisory

Committee) (VAAC) ਸਥਾਪਤ ਕੀਤੀ ਸੀ। VAAC ਵਿੱਚ ਸਥਾਨਕ ਨਿਵਾਸੀ ਹਨ, ਜੋ ਕਾਉਂਟੀ ਦੇ ਅਪਾਹਜ ਭਾਈਚਾਰਿਆਂ ਦੀ ਹਿਮਾਇਤ ਕਰਦੇ ਹਨ। VAAC ਬਾਰੇ ਜਾਣਕਾਰੀ ਲਈ ਅੰਤਿਕਾ A ਦੇਖੋ।

## 1-J *ਵੈਬਸਾਈਟ 'ਤੇ ਜਨਤਕ ਰੂਪ ਨਾਲ ਪਹੁੰਚਯੋਗ ਜਾਣਕਾਰੀ ਮੌਜੂਦ ਹੈ*

*§4005(a)(10)(I)(i)(IV)*

VRE ਦੀ ਵੈਬਸਾਈਟ (www.elections.saccounty.net) 'ਤੇ ਜਾਣਕਾਰੀ ਪਹੁੰਚਯੋਗ ਫੌਰਮੈਟਾਂ ਵਿੱਚ ਹੈ ਅਤੇ ਜਨਤਕ ਰੂਪ ਨਾਲ ਉਪਲਬਧ ਹੈ। ਇਸ ਵਿੱਚ ਚੋਣ ਸੰਚਾਲਨ ਯੋਜਨਾ ਅਤੇ ਵੋਟਰ ਦੀ ਚੋਣ ਕਿਰਿਆ ਸਬੰਧੀ ਹੋਰ ਜਾਣਕਾਰੀ ਦੇ ਨਾਲ-ਨਾਲ ਵੋਟ ਪਾਉਣ ਲਈ ਰਜਿਸਟਰ ਕਰਨ ਬਾਰੇ ਅਤੇ ਚੋਣ ਪ੍ਰਕਿਰਿਆ ਵਿੱਚ ਸ਼ਾਮਲ ਹੋਣ ਬਾਰੇ ਜਾਣਕਾਰੀ ਸ਼ਾਮਲ ਹੈ। ਚੋਣਾਂ ਸਬੰਧੀ ਖ਼ਾਸ ਜਾਣਕਾਰੀ ਇੱਕ ਪਹੁੰਚਯੋਗ ਫੌਰਮੈਟ ਵਿੱਚ ਵੈਬਸਾਈਟ 'ਤੇ ਵੀ ਉਪਲਬਧ ਹੈ। ਸਾਈਟ 'ਤੇ ਇੱਕ ਟਿੱਪਣੀ ਦੇਣ ਵਾਲਾ ਫਾਰਮ ਵੀ ਉਪਲਬਧ ਹੈ, ਜਿਸਦੀ ਵਰਤੋਂ ਵਿਜੀਟਰ ਚੋਣ-ਸਬੰਧੀ ਟਿੱਪਣੀਆਂ ਪ੍ਰਸਤੁਤ ਕਰਨ ਲਈ ਕਰ ਸਕਦੇ ਹਨ।

ਮੁਹੱਈਆ ਕੀਤੀ ਜਾਣ ਵਾਲੀ ਜਾਣਕਾਰੀ ਵਿੱਚ ਇਹ ਸ਼ਾਮਲ ਹੋਵੇਗਾ:

1) ਸਾਰੇ ਵੋਟਰ ਡਾਕ (VBM) ਵੋਟ ਪਰਚੀ ਰਾਹੀਂ ਇੱਕ ਵੋਟ ਪ੍ਰਾਪਤ ਕਰਨਗੇ
2) ਕਿਸੇ ਵੀ ਵੋਟ ਕੇਂਦਰ ਵਿਖੇ ਪਹੁੰਚਯੋਗ ਵੋਟਿੰਗ ਡਿਵਾਈਸ ਨੂੰ ਵਰਤਣ ਦਾ ਵਿਕਲਪ ਅਤੇ ਡਿਵਾਈਸ ਦੀ ਵਰਤੋਂ ਕਿਵੇਂ ਕਰਨੀ ਹੈ
3) ਕਾਉਂਟੀ ਦੇ ਡਾਕ ਦੁਆਰਾ ਦੂਰਵਰਤੀ ਪਹੁੰਚਯੋਗ ਵੋਟ (RAVBM) ਪ੍ਰੋਗਰਾਮ ਰਾਹੀਂ ਇੱਕ ਪਹੁੰਚਯੋਗ ਵੋਟ ਪਰਚੀ ਲਈ ਬੇਨਤੀ ਕਰਨ, ਨਿਸ਼ਾਨ ਲਗਾਉਣ ਅਤੇ ਉਸਨੂੰ ਜਮ੍ਹਾਂ ਕਰਨ ਦੀ ਵਿਧੀ (ਭਾਗ 2-B ਵਿੱਚ ਵਰਣਨ ਕੀਤਾ ਗਿਆ ਹੈ)।

## 1-K *ਪਹੁੰਚਯੋਗਤਾ ਅਤੇ ਭਾਗੀਦਾਰੀ ਵਿੱਚ ਵਾਧਾ ਕਰਨ ਲਈ ਅਪਾਹਜ ਭਾਈਚਾਰੇ ਲਈ ਵੋਟਰ ਜਾਣਕਾਰੀ ਵਰਕਸ਼ਾਪ*

*§4005(a)(10)(I)(i)(VI), §4005(a)(10)(I)(i)(VI)(ib)*

VRE ਯੋਗ ਅਪਾਹਜ ਵੋਟਰਾਂ ਦੀ ਪਹੁੰਚਯੋਗਤਾ ਅਤੇ ਭਾਗੀਦਾਰੀ ਨੂੰ ਵਧਾਉਣ ਲਈ ਬਸੰਤ ਰੁੱਤ 2018 ਵਿੱਚ ਇੱਕ ਵੋਟਰ ਜਾਣਕਾਰੀ ਵਰਕਸ਼ਾਪ ਦਾ ਆਯੋਜਨ ਕਰੇਗਾ। VAAC ਦੇ ਮੈਂਬਰ ਵਰਕਸ਼ਾਪ ਦੇ ਸਥਾਨ ਅਤੇ ਤਾਰੀਖ ਦੀ ਚੋਣ ਕਰਨ ਵਿੱਚ ਸਹਾਇਤਾ ਕਰਨਗੇ। ਵਰਕਸ਼ਾਪ ਵਿੱਚ ਸ਼ਾਮਲ ਹੋਵੇਗਾ, ਪਰੰਤੂ ਇਹਨਾਂ ਤੱਕ ਸੀਮਿਤ ਨਹੀਂ ਹੈ, ਵੋਟ ਕੇਂਦਰ

ਮਾੱਡਲ ਬਾਰੇ ਜਾਣਕਾਰੀ, ਨਵੇਂ ਵੋਟਿੰਗ ਉਪਕਰਨ ਬਾਰੇ ਪ੍ਰਦਰਸ਼ਨ, ਵੋਟਿੰਗ ਉਪਕਰਨ ਦੀ ਪਹੁੰਚਯੋਗਤਾ, ਵੋਟ ਪਰਚੀ ਡ੍ਰੌਪ-ਔਫ ਜਾਣਕਾਰੀ ਅਤੇ ਇਲੈਕਟ੍ਰੋਨੀਕਲੀ ਡਾਕ ਵੋਟ ਪਰਚੀ ਰਾਹੀਂ ਇੱਕ ਪਹੁੰਚਯੋਗ ਵੋਟ ਪ੍ਰਾਪਤ ਕਰਨ ਦੇ ਵਿਕਲਪ। ਵਰਕਸ਼ਾਪ ਬਾਰੇ ਜਾਣਕਾਰੀ ਇਸ ਯੋਜਨਾ ਦੇ ਭਾਗ 1-B ਵਿੱਚ ਦਿਖਾਏ ਗਏ ਕੇਂਦਰ (ਆਊਟਲੈਟ) ਵਰਤਦੇ ਹੋਏ, ਮੀਟਿੰਗ ਦੀ ਤਾਰੀਖ ਦੇ ਘੱਟੋ-ਘੱਟ 10 ਪਹਿਲਾਂ ਘੋਸ਼ਿਤ ਕੀਤੀ ਜਾਏਗੀ।

**ਭਾਗ 2 - ਚੋਣ ਸੰਚਾਲਨ ਯੋਜਨਾ**

**ਆਮ**

**2-A** ***ਟੋਲ-ਫ੍ਰੀ ਫੋਨ ਪਹੁੰਚ***

*§4005(a)(10)(I)(vii)*

VRE ਸਾਰੇ ਕਾਰਜ ਘੰਟਿਆਂ ਦੇ ਦੌਰਾਨ ਟੋਲ-ਫ੍ਰੀ ਫੋਨ ਸਹਾਇਤਾ ਪੇਸ਼ ਕਰਦਾ ਹੈ। ਸਟਾਫ ਸੰਘੀ ਤੌਰ 'ਤੇ ਲੋੜੀਂਦੀਆਂ ਭਾਸ਼ਾਵਾਂ ਵਿੱਚ ਕਾਲ ਕਰਨ ਵਾਲਿਆਂ ਦੀ ਸਹਾਇਤਾ ਲਈ ਉਪਲਬਧ ਹੈ ਅਤੇ ਵੋਟਰਾਂ ਨੂੰ ਹੋਰ ਲੋੜੀਂਦੀਆਂ ਭਾਸ਼ਾਵਾਂ ਵਿੱਚ ਸਹਾਇਤਾ ਮੁਹੱਈਆ ਕਰਨ ਦੇ ਨਾਲ-ਨਾਲ ਵਰਤੋਂ ਲਈ ਇੱਕ ਭਾਸ਼ਾ ਸੇਵਾ ਕਾਇਮ ਰੱਖਦਾ ਹੈ।

ਟੋਲ-ਫ੍ਰੀ ਹੌਟਲਾਈਨ (800) 762-8091

ਕੈਲੀਫੋਰਨੀਆ ਰਿਲੇ ਸਰਵਿਸ (California Relay Service) (ਬੋਲਣ ਅਤੇ ਸੁਣਨ ਵਿੱਚ ਪਰੇਸ਼ਾਨੀ ਲਈ) 711

**ਵੋਟ ਪਰਚੀ ਸਬੰਧੀ ਪਹੁੰਚ**

**2-B** ***ਅਪਾਹਜ ਵੋਟਰਾਂ ਦੁਆਰਾ VBM ਵੋਟ ਪਰਚੀ ਤੱਕ ਪਹੁੰਚ***

*§4005(a)(10)(I)(ii)*

**ਕਾਊਂਟੀ ਵੋਟਰ ਜਾਣਕਾਰੀ ਗਾਈਡ**

VRE ਹਰ ਚੋਣ ਲਈ ਇੱਕ ਵੋਟਰ ਜਾਣਕਾਰੀ ਗਾਈਡ ਤਿਆਰ ਕਰੇਗੀ, ਜਿਸ ਵਿੱਚ ਮੇਲ ਪ੍ਰਕਿਰਿਆ ਦੁਆਰਾ ਵਿਸਥਾਰ ਵਿੱਚ ਜਾਣਕਾਰੀ ਅਤੇ VBM ਬੈਲਟ ਦੀ ਥਾਂ ਬਦਲਣ ਲਈ ਬੇਨਤੀ ਕਰਨ ਲਈ ਅਤੇ VBM ਬੈਲਟ ਨੂੰ ਵਾਪਸ ਕਰਨ ਲਈ ਵਿਕਲਪ ਹੋਣਗੇ। ਡਾਕ ਸਿਸਟਮ ਦੁਆਰਾ ਰਿਮੋਟ ਪਹੁੰਚਣਯੋਗ ਵੋਟ ਵਰਤਣ ਲਈ ਵਿਸਤ੍ਰਿਤ ਨਿਰਦੇਸ਼ ਗਾਈਡ ਵੀ ਸ਼ਾਮਲ ਕੀਤੇ ਜਾਣਗੇ। ਇਹ ਗਾਈਡ ਵੱਡੇ-ਪ੍ਰਿੰਟ ਅਤੇ ਔਨਲਾਈਨ ਫਾਰਮੈਟਾਂ ਵਿਚ ਉਪਲਬਧ ਹੈ।

**ਡਾਕ ਰਾਹੀਂ VBM ਵੋਟ ਪਰਚੀ ਪ੍ਰਾਪਤ ਕਰਨਾ**

ਸੈਕਰਾਮੈਂਟੋ ਕਾਉਂਟੀ ਦੇ ਸਾਰੇ ਰਜਿਸਟਰਡ ਵੋਟਰਾਂ ਨੂੰ ਹਰੇਕ ਚੋਣਾਂ ਲਈ ਡਾਕ ਦੁਆਰਾ ਇੱਕ VBM ਵੋਟ ਪਰਚੀ ਪੈਕੇਟ ਪ੍ਰਾਪਤ ਹੁੰਦਾ ਹੈ। ਨਾਲ ਨੱਥੀ ਕੀਤੀ ਵੋਟ ਪਰਚੀ ’ਤੇ ਨਿਸ਼ਾਨ ਲਗਾ ਕੇ VBM ਪੈਕੇਟ ਵਿੱਚ ਭੇਜੇ ਪਛਾਣ ਲਿਫਾਫੇ ਵਿੱਚ ਵਾਪਸ ਭੇਜਿਆ ਜਾ ਸਕਦਾ ਹੈ। ਭਾਗ 1-E ਵੀ ਦੇਖੋ।

**ਇੱਕ ਪਹੁੰਚਯੋਗ ਵੋਟ ਪਰਚੀ ਦੀ ਬੇਨਤੀ ਕਰਨਾ - ਵੋਟ ਕੇਂਦਰ**

ਸੈਕਰਾਮੈਂਟੋ ਕਾਉਂਟੀ ਦੇ ਸਾਰੇ ਰਜਿਸਟਰਡ ਵੋਟਰ ਕਿਸੇ ਵੀ ਵੋਟ ਕੇਂਦਰ ਵਿਖੇ ਤਿੰਨ ਪਹੁੰਚਯੋਗ ਵੋਟ ਪਰਚੀ ’ਤੇ ਨਿਸ਼ਾਨ ਲਗਾਉਣ ਵਾਲੀਆਂ ਡਿਵਾਈਸਾਂ ਵਿੱਚੋਂ ਇੱਕ ਵਰਤ ਸਕਦੇ ਹਨ। ਵੋਟਰ ਚੈਕ ਇਨ ਕਰਦੇ ਹਨ, ਇੱਕ ਪਹੁੰਚਯੋਗ ਵੋਟ ਪਰਚੀ ਦੀ ਬੇਨਤੀ ਕਰਦੇ ਹਨ ਅਤੇ ਉਹਨਾਂ ਨੂੰ ਇੱਕ ਕੁੰਜੀ ਕਾਰਡ ਮੁਹੱਈਆ ਕੀਤਾ ਜਾਂਦਾ ਹੈ, ਜਿਸ ਵਿੱਚ ਉਹਨਾਂ ਦੀ ਵੋਟ ਪਰਚੀ ਵਾਲੀ ਪਹੁੰਚਯੋਗ ਡਿਵਾਈਸ ਹੁੰਦੀ ਹੈ। ਵੋਟ ਪਰਚੀ ’ਤੇ ਟਚ ਸਕ੍ਰੀਨ ਡਿਸਪਲੇ, ਦਿੱਤੀ ਗਈ ਔਡੀਓ ਸਪਰਸ਼ੀ ਡਿਵਾਈਸ ਜਾਂ ਉਹਨਾਂ ਦੀ ਖੁਦ ਦੀ ਸਹਾਇਕ ਟੈਕਨਾਲੋਜੀ ਵਰਤਦੇ ਹੋਏ ਨਿਸ਼ਾਨ ਲਗਾਇਆ ਜਾ ਸਕਦਾ ਹੈ। ਸਾਰੇ ਵੋਟਰਾਂ ਨੂੰ ਨਿੱਜੀ ਰੂਪ ਨਾਲ ਅਤੇ ਸੁਤੰਤਰਤਾ ਨਾਲ ਆਪਣੀ ਵੋਟ ਪਾਉਣ ਦਾ ਮੌਕਾ ਦੇਣ ਲਈ ਪਹੁੰਚਯੋਗ ਵੋਟਿੰਗ ਮਸ਼ੀਨਾਂ ਦਾ ਪ੍ਰਬੰਧ ਕੀਤਾ ਜਾਏਗਾ।ਭਾਗ 1-E ਵੀ ਦੇਖੋ।

**ਦੂਰਵਰਤੀ ਪਹੁੰਚਯੋਗ ਵੋਟ ਪਰਚੀ ਦੀ ਬੇਨਤੀ ਕਰਨਾ**

ਸੈਕਰਾਮੈਂਟੋ ਕਾਉਂਟੀ ਦੇ ਅਪਾਹਜ ਰਜਿਸਟਰਡ ਵੋਟਰ ਡਾਕ ਦੁਆਰਾ ਦੂਰਵਰਤੀ ਪਹੁੰਚਯੋਗ ਵੋਟ (RAVBM) ਸਿਸਟਮ ਰਾਹੀਂ, ਇੱਕ ਡਾਊਨਲੋਡ ਕੀਤੇ ਜਾ ਸਕਣ ਵਾਲੀ ਵੋਟ ਪਰਚੀ ਲਈ, ਔਨਲਾਈਨ ਜਾਣ ਦਾ ਵਿਕਲਪ ਚੁਣ ਸਕਦੇ ਹਨ। RAVBM ਅਪਾਹਜ ਵੋਟਰਾਂ ਨੂੰ VRE-ਅਧਿਕਾਰਤ ਵੈਬਸਾਈਟ ਤੋਂ ਵੋਟਰ ਨੂੰ ਇਲੈਕਟ੍ਰੋਨੀਕਲੀ ਇੱਕ VBM ਵੋਟ ਪਰਚੀ ਭੇਜੇ ਜਾਣ ਦੀ ਯੋਗਤਾ ਮੁਹੱਈਆ ਕਰਦਾ ਹੈ। ਇਲੈਕਟ੍ਰੋਨਿਕ ਵੋਟ ਪਰਚੀ ਨੂੰ ਵੋਟਰ ਦੇ ਕੰਪਿਊਟਰ ’ਤੇ ਡਾਊਨਲੋਡ ਕੀਤਾ ਜਾ ਸਕਦਾ ਹੈ, ਵੋਟਰ ਦੀ ਖੁਦ ਦੀ ਸਹਾਇਕ ਤਕਨੀਕ ਵਰਤਦੇ ਹੋਏ ਉਸਤੇ ਨਿਸ਼ਾਨ ਲਗਾਇਆ ਜਾ ਸਕਦਾ ਹੈ ਅਤੇ ਫਿਰ ਪ੍ਰਿੰਟ ਕੀਤਾ ਜਾ ਸਕਦਾ ਹੈ।

ਇਸ ਵੋਟ ਪਰਚੀ ਨੂੰ ਕਿਸੇ ਵੀ VBM ਵੋਟ ਪਰਚੀ ਵਾਂਗ ਹੀ ਵਾਪਸ ਕੀਤਾ ਜਾ ਸਕਦਾ ਹੈ: ਡਾਕ ਦੁਆਰਾ, ਡ੍ਰੌਪ ਬੌਕਸ ਵਿੱਚ ਅਤੇ ਕਿਸੇ ਵੀ ਵੋਟ ਕੇਂਦਰ ਵਿਖੇ ਪਾਇਆ ਜਾ ਸਕਦਾ ਹੈ। ਭਾਗ 1-E ਵੀ ਦੇਖੋ

**ਇੱਕ ਰਿਪਲੇਸਮੈਂਟ ਵੋਟ ਪਰਚੀ ਦੀ ਬੇਨਤੀ ਕਰਨਾ**

ਕੋਈ ਵੀ ਵੋਟਰ (916) 875 6155 'ਤੇ ਟੈਲੀਫੋਨ ਕਰਕੇ, (916) 854-9796 'ਤੇ ਇੱਕ ਬੇਨਤੀ ਫੈਕਸ ਕਰਕੇ, ਕਿਸੇ ਵੋਟ ਕੇਂਦਰ ਵਿਖੇ ਜਾ ਕੇ, VRE ਦਫ਼ਤਰ ਵਿਖੇ ਜਾ ਕੇ ਜਾਂ ਔਨਲਈਨ RAVBM ਸਿਸਟਮ ਰਾਹੀਂ ਰਿਪਲੇਸਮੈਂਟ ਵੋਟ ਪਰਚੀ ਦੀ ਬੇਨਤੀ ਕਰ ਸਕਦਾ ਹੈ।

## ਵੋਟ ਕੇਂਦਰ ਸਬੰਧੀ ਮਹੱਤਵਪੂਰਨ ਤੱਤ

### *2-C ਵੋਟ ਕੇਂਦਰਾਂ ਵਿਖੇ ਵੋਟਿੰਗ ਪ੍ਰਕਿਰਿਆ ਦੀ ਸੁਰੱਖਿਆ*

**ਵੋਟ ਕੇਂਦਰ ਦੀ ਵੋਟਿੰਗ ਨੂੰ ਸੁਰੱਖਿਅਤ ਕਰਨਾ**

*§4005(a)(10)(I)(iv)*

ਵੋਟ ਕੇਂਦਰਾਂ ਵਿਖੇ ਸੰਚਾਲਿਤ ਸਾਰੀ ਵੋਟਿੰਗ ਵਿੱਚ ਰਾਜ ਦੇ ਸਕੱਤਰ ਦੇ ਸੁਰੱਖਿਆ ਮਿਆਰਾਂ, VRE ਦੀਆਂ ਸੁਰੱਖਿਆ ਪ੍ਰਕਿਰਿਆਵਾਂ, ਕੈਲੀਫੋਰਨੀਆ ਚੋਣ ਕੋਡ ਅਤੇ ਕੈਲੀਫੋਰਨੀਆ ਵੋਟਿੰਗ ਸਿਸਟਮ ਵਰਤੋਂ ਪ੍ਰਕਿਰਿਆਵਾਂ (California Voting System Use Procedures) ਵਿੱਚ ਦਿੱਤੇ ਵਿਧਾਨਾਂ ਦੀ ਪਾਲਣਾ ਕੀਤੀ ਜਾਂਦੀ ਹੈ। ਇਸ ਵਿੱਚ ਸ਼ਾਮਲ ਹੈ, ਪਰੰਤੂ ਇਹਨਾਂ ਤੱਕ ਸੀਮਿਤ ਨਹੀਂ ਹੈ, ਇਹ ਯਕੀਨੀ ਬਣਾਉਣਾ ਕਿ ਵੋਟ ਕੇਂਦਰ ਵਿਖੇ ਸਾਰੇ ਉਪਕਰਨ ਇਹਨਾਂ ਵਿਧਾਨਾਂ ਦੇ ਅਨੁਪਾਲਣ ਵਿੱਚ ਸੀਲ, ਸਟੋਰ, ਡਿਲੀਵਰ ਕੀਤੇ ਅਤੇ ਵਰਤੇ ਜਾਂਦੇ ਹਨ। ਇਸਤੋਂ ਇਲਾਵਾ, ਸਾਡੀਆਂ ਮੌਜੂਦਾ ਪ੍ਰਕਿਰਿਆਵਾਂ ਲਈ ਵੋਟਿੰਗ ਥਾਂ (ਸਾਈਟ) ਖੁੱਲ੍ਹਣ ਦੇ ਸਮੇਂ ਕਾਫ਼ੀ ਸੰਖਿਆ ਵਿੱਚ ਚੋਣ ਕਰਮਚਾਰੀਆਂ ਦੀ ਲੋੜ ਹੁੰਦੀ ਹੈ।

**ਸੁਰੱਖਿਆ ਅਤੇ ਅਚਨਚੇਤ ਘਟਨਾਵਾਂ ਲਈ ਯੋਜਨਾਵਾਂ**

*§4005(a)(10)(I)(iv)(VIII)*

**ਵਿਘਨ ਨੂੰ ਰੋਕਣਾ, ਵੋਟ ਕੇਂਦਰ ਦੇ ਸੰਚਾਲਨਾਂ ਨੂੰ ਜਾਰੀ ਰੱਖਣਾ**

*§4005(a)(10)(I)(iv)(VIII)(ia), §4005(a)(10)(I)(iv)(VIII)(ib)*

ਸਾਰਾ ਸਟਾਫ, ਵੋਟ ਕੇਂਦਰਾਂ ਵਿਖੇ ਕੰਮ ਕਰਨ ਵਾਲੇ ਕਰਮਚਾਰੀਆਂ ਅਤੇ ਤਕਨੀਕੀ ਅਤੇ ਅਨੁਪਾਲਣ ਸਹਿਯੋਗ ਦੇਣ ਵਾਲੇ ਕਰਮਚਾਰੀਆਂ ਸਮੇਤ, ਵੋਟਿੰਗ ਉਪਕਰਨ ਦੇ ਸੰਚਾਲਨ ਬਾਰੇ ਵਿਆਪਕ ਸਿਖਲਾਈ ਵਿੱਚ, ਵੋਟ ਕੇਂਦਰ ਸਥਾਪਤ ਕਰਨ, ਵੋਟਰਾਂ ਦੀ ਸਹਾਇਤਾ ਕਰਨ ਅਤੇ ਪ੍ਰਕਿਰਿਆ ਕਰਨ, ਵੋਟਿੰਗ ਦੀ ਹਰੇਕ ਰਾਤ ਨੂੰ ਸੰਵੇਦਨਸ਼ੀਲ ਉਪਕਰਨ ਸੁਰੱਖਿਅਤ ਕਰਨ ਅਤੇ ਕਿਸੇ ਐਮਰਜੈਂਸੀ ਦੀ ਸਥਿਤੀ ਵਿੱਚ ਉਚਿਤ ਪ੍ਰਕਿਰਿਆਵਾਂ ਕਰਨ ਵਿੱਚ ਸ਼ਾਮਲ ਹੋਵੇਗਾ।

ਕੈਲੀਫੋਰਨੀਆ ਵੋਟਿੰਗ ਸਿਸਟਮ ਦੀਆਂ ਸ਼ਰਤਾਂ ਦੇ ਅਧੀਨ, ਬਿਜਲੀ ਕਟੌਤੀ ਦੇ ਸਮੇਂ ਸਾਰੇ ਪ੍ਰਮਾਣਿਤ ਉਪਕਰਨ ਬੈਟਰੀ ਪਾਵਰ 'ਤੇ ਚੱਲਣੇ ਜ਼ਰੂਰੀ ਹਨ। ਸਾਰੇ ਸਥਾਨਾਂ ਵਿਖੇ ਇੱਕ ਸੈਲ ਫੋਨ ਹੋਵੇਗਾ।ਐਮਰਜੈਂਸੀ ਦੇ ਸਮੇਂ ਪ੍ਰਤੀਕਿਰਿਆ ਕਰਨ ਵਾਲੇ ਵਿਅਕਤੀ ਸਾਰੇ ਵੋਟ ਕੇਂਦਰ ਸਥਾਨਾਂ ਦੀ ਇੱਕ ਸੂਚੀ ਪ੍ਰਾਪਤ ਕਰਨਗੇ। ਹਰੇਕ ਵੋਟ ਕੇਂਦਰ ਨੂੰ ਐਮਰਜੈਂਸੀ ਪ੍ਰਕਿਰਿਆਵਾਂ ਮੁਹੱਈਆ ਕੀਤੀਆਂ ਜਾਣਗੀਆਂ ਅਤੇ ਵੋਟ ਕੇਂਦਰ ਦੇ ਸੰਚਾਲਨ ਲਈ ਅਤੇ ਵੋਟਰਾਂ ਸਬੰਧੀ ਪ੍ਰਕਿਰਿਆ ਕਰਨ ਲਈ ਇੱਕ ਨਿਰਦੇਸ਼ ਨੇਮਾਵਲੀ ਮੁਹੱਈਆ ਕੀਤੀ ਜਾਏਗੀ।

VRE ਕਿਸੇ ਮਤਦਾਨ ਥਾਂ (ਪੋਲਿੰਗ ਸਾਈਟ) ਵਿਖੇ ਪਏ ਵਿਘਨ ਨੂੰ ਦੂਰ ਕਰਨ ਲਈ ਤੁਰੰਤ ਕੰਮ ਕਰਦੀ ਹੈ ਅਤੇ ਹਰੇਕ ਵਿਘਨ ਦੀ ਆਪਣੀ ਖੁਦ ਦੀ ਜਵਾਬੀ ਪ੍ਰਕਿਰਿਆ ਹੋਵੇਗੀ। ਆਮ ਤੌਰ 'ਤੇ, ਜੇਕਰ ਇੱਕੋ ਵੋਟ ਕੇਂਦਰ ਵਿਖੇ ਵਿਘਨ ਹੁੰਦਾ ਹੈ, ਤਾਂ VRE ਤੁਰੰਤ ਸਟਾਫ ਨੂੰ ਵੋਟਰਾਂ ਨੂੰ ਹੋਰਾਂ ਵੋਟ ਕੇਂਦਰਾਂ ਵਿਖੇ ਭੇਜਣ ਦਾ ਨਿਰਦੇਸ਼ ਦੇਵੇਗਾ ਅਤੇ ਸਥਾਨਕ ਪੁਲਿਸ, ਰਾਜ ਦੇ ਸਕੱਤਰ ਦੇ ਦਫ਼ਤਰ ਨੂੰ ਸੂਚਿਤ ਕਰੇਗਾ ਅਤੇ ਇਹ ਯਕੀਨੀ ਬਣਾਉਣ ਲਈ ਮੀਡੀਆ ਅੱਪਡੇਟਾਂ ਮੁਹੱਈਆ ਕਰੇਗਾ ਕਿ ਵੋਟਰਾਂ ਨੂੰ ਸੂਚਿਤ ਕੀਤਾ ਗਿਆ ਹੈ। ਜੇਕਰ ਕੋਈ ਅਜਿਹੀ ਕੁਦਰਤੀ ਤਬਾਹੀ ਜਾਂ ਹੋਰ ਵਿਘਨ ਵਾਪਰਦਾ ਹੈ, ਜੋ ਵੋਟ ਕੇਂਦਰ ਜਾਂ ਵੋਟ ਪਰਚੀ ਦੇ ਡ੍ਰੌਪ-ਔਫ ਥਾਂ ਦੇ ਭੌਤਿਕ ਸਥਾਨ, ਵਾਧੂ ਸੂਚਨਾਵਾਂ, ਸਾਈਨ ਬੋਰਡਾਂ 'ਤੇ ਅਸਰ ਪਾਉਂਦਾ ਹੋਵੇ, ਤਾਂ ਸਟਾਫ ਵੋਟਰਾਂ ਨੂੰ ਕਿਸੇ ਵਿਕਲਪਿਕ ਸਥਾਨ 'ਤੇ ਲਿਜਾਣ ਲਈ ਉਪਲਬਧ ਹੋਵੇਗਾ। ਜੇਕਰ ਵੋਟ ਕੇਂਦਰ ਵਿਥੇ ਸਾਰੀਆਂ ਗਤੀਵਿਧੀਆਂ ਬੰਦ ਹੋ ਜਾਂਦੀਆਂ ਹਨ, ਤਾਂ ਸਟਾਫ ਕੈਲੀਫੋਰਨੀਆ ਚੋਣ ਕੋਡ (California Election Code) ਅਤੇ ਵੋਟ ਪਰਚੀ ਨਿਰਮਾਣ ਅਤੇ ਪੂਰਾ ਕਰਨ (Ballot Manufacturing and Finishing) ਦੇ ਦਿਸ਼ਾ ਨਿਰਦੇਸ਼ਾਂ ਦੇ ਮੁਤਾਬਕ ਤੁਰੰਤ ਉਸ ਵੋਟ ਕੇਂਦਰ ਦੇ ਵੋਟਿੰਗ ਉਪਕਰਨ ਨੂੰ ਸੁਰੱਖਿਅਤ ਕਰੇਗਾ ਅਤੇ ਸਾਰੀਆਂ ਵੋਟਿੰਗ ਸਮੱਗਰੀਆਂ ਦਾ ਹਿਸਾਬ ਕਰੇਗਾ।VRE ਇੱਕ ਰਿਪਲੇਸਮੈਂਟ ਵੋਟ ਕੇਂਦਰ ਖੋਲ੍ਹਣ ਦੀ ਕੋਸ਼ਿਸ਼ ਕਰੇਗਾ ਅਤੇ ਵਿਆਪਕ ਰੂਪ ਨਾਲ ਇਸ ਤਬਦੀਲੀ ਬਾਰੇ ਸੂਚਨਾ ਦੇਵੇਗਾ।

## *2-D ਵੋਟ ਕੇਂਦਰ:ਸੰਚਾਲਨ ਦੇ ਸਥਾਨ ਅਤੇ ਘੰਟੇ ਪ੍ਰਮਾਣਿਤ ਕੀਤੇ ਜਾਣ ਲਈ ਸੰਖਿਆ, ਪ੍ਰਕਾਸ਼ਨ ਦੇ ਸਮੇਂ ਉਪਲਬਧ ਹੋਣ ਦੀ ਸੀਮਾ ਤੱਕ*

*§4005(a)(10)(I)(vi)*

### *ਪ੍ਰਮਾਣਿਤ ਕੀਤੇ ਜਾਣ ਲਈ ਵੋਟ ਕੇਂਦਰਾਂ ਦੀ ਕੁੱਲ ਸੰਖਿਆ।*

*§4005(a)(10)(I)(vi)(I)*

ਨਵੰਬਰ 2016 ਦੀਆਂ ਚੋਣਾਂ ਵਿੱਚ, 772, 782 ਰਜਿਸਟਰਡ ਵੋਟਰਾਂ (ਵੱਡੀ ਸੰਖਿਆ) ਦੇ ਆਧਾਰ 'ਤੇ, VRE ਚੋਣਾਂ ਦੇ ਦਿਨ ਤੋਂ ਦਸ ਦਿਨ ਪਹਿਲਾਂ ਅਤੇ ਚੋਣਾਂ ਦੇ ਦਿਨ ਨੂੰ ਘੱਟੋ-ਘੱਟ 78 ਵੋਟ ਕੇਂਦਰ, 16 ਚਾਲੂ ਅਤੇ ਚੋਣਾਂ ਦੇ ਦਿਨ ਤੋਂ 3 ਦਿਨ ਪਹਿਲਾਂ ਅਤੇ ਚੋਣਾਂ ਦੇ ਦਿਨ ਨੂੰ ਵਾਧੂ 62 ਚਾਲੂ ਕੇਂਦਰ ਸਥਾਪਤ ਕਰੇਗੀ।

### *ਹਰੇਕ ਵੋਟ ਕੇਂਦਰ ਦਾ ਸਥਾਨ ਅਤੇ ਘੰਟੇ (ਕਾਰਜ ਸਮਾਂ)*

*§4005(a)(10)(I)(vi)*(III), *§4005(a)(10)(I)(vi)(VI)*

VRE ਵੋਟ ਕੇਂਦਰ ਅਤੇ ਡ੍ਰੌਪ ਬੋਕਸ ਸਥਾਨਾਂ ਦੀ ਪਛਾਣ ਕਰਨ ਲਈ LAAC, VAAC ਅਤੇ ਭਾਈਚਾਰਕ ਮੈਂਬਰਾਂ ਦੇ ਨਾਲ ਭਾਈਵਾਲੀ ਵਿੱਚ ਕੰਮ ਕਰ ਰਿਹਾ ਹੈ। ਕਾਉਂਟੀ ਦੇ ਸਟਾਫ ਨੇ 2010 ਦੀ ਦਸ-ਸਾਲਾ ਜਨਗਣਨਾ, ਅਮਰੀਕਨ ਭਾਈਚਾਰਕ ਸਰਵੇਖਣ (American Community Survey) ਅਤੇ ਮੌਜੂਦਾ VRE ਰਜਿਸਟਰੇਸ਼ਨ ਫਾਈਲ ਵਿੱਚੋਂ ਇਕੱਤਰ ਕੀਤਾ ਡੇਟਾ ਵਰਤਦੇ ਹੋਏ ਸੈਕਸ਼ਨ 4005(a)(10)(B) ਵਿੱਚ ਸੂਚੀਬੱਧ ਹਰੇਕ ਮਾਪਦੰਡ ਲਈ ਡੇਟਾ ਨਕਸ਼ੇ ਬਣਾਏ ਹਨ। ਅੰਤਿਕਾ E ਦੇਖੋ। ਡੇਟਾ ਨਕਸ਼ੇ ਇੱਕ-ਦੂਜੇ ਨਾਲ ਸਬੰਧਿਤ ਉੱਚਤਮ ਮਾਪਦੰਡ ਦੇ ਖੇਤਰਾਂ ਦੀਆਂ ਸੰਖਿਆਂ ਨੂੰ ਦਿਖਾਉਂਦੇ ਹਨ ਅਤੇ ਇਹ ਬਿਹਤਰ ਸਥਾਨ ਨਿਰਧਾਰਤ ਕਰਨ ਵਿੱਚ ਸਹਾਇਤਾ ਕਰਨ ਲਈ ਵਰਤੇ ਜਾਣਗੇ।

ਸਥਾਨਾਂ ਨੂੰ ਪ੍ਰਮਾਣਿਤ ਕਰਨ ਦੀ ਪ੍ਰਕਿਰਿਆ ਇਸ ਯੋਜਨਾ ਦੇ ਪ੍ਰਕਾਸ਼ਿਤ ਹੋਣ ਦੇ ਸਮੇਂ ਜਾਰੀ ਸੀ। VRE ਦਾ ਟੀਚਾ ਪ੍ਰਸਿੱਧ ਅਤੇ ਪੂਰੀ ਤਰ੍ਹਾਂ ਪਹੁੰਚਯੋਗ ਫੈਸਿਲਿਟੀਜ ਵਿੱਚ ਵੋਟ ਕੇਂਦਰ ਸਥਾਪਤ ਕਰਨਾ ਹੈ। ਸਾਰੇ ਵੋਟ ਕੇਂਦਰ ਪ੍ਰਤੀ ਦਿਨ ਘੱਟੋ-ਘੱਟ 8 ਘੰਟਿਆਂ ਤੱਕ ਅਤੇ ਚੋਣਾਂ ਵਾਲੇ ਦਿਨ ਸਵੇਰੇ 7 ਵਜੇ ਤੋਂ ਸ਼ਾਮ 8 ਵਜੇ ਤੱਕ ਲਗਾਤਾਰ ਖੁੱਲ੍ਹਣਗੇ। ਹਰੇਕ ਵੋਟ ਕੇਂਦਰ ਦਾ ਸਥਾਨ ਅਤੇ ਘੰਟੇ ਅੰਤਿਕਾ F ਵਿੱਚ ਸੂਚੀਬੱਧ ਹਨ, ਜੋ ਇਸ ਤੌਰ 'ਤੇ ਅੱਪਡੇਟ ਕੀਤੇ ਜਾਣਗੇ ਕਿ ਹਰੇਕ ਚੋਣਾਂ ਲਈ ਸਥਾਨਾਂ ਦੀ ਪੁਸ਼ਟੀ ਕੀਤੀ ਗਈ ਹੈ। ਸੂਚੀ ਹਰੇਕ

ਰਜਿਸਟਰਡ ਵੋਟਰ ਨੂੰ ਮੁਹੱਈਆ ਕੀਤੀ ਜਾਣ ਵਾਲੀਆਂ ਚੋਣਾਂ ਸਮੱਗਰੀਆਂ ਵਿੱਚ ਸ਼ਾਮਲ ਕੀਤੀ ਜਾਏਗੀ। VRE 2018 ਚੋਣਾਂ ਵਿਚ ਮੋਬਾਈਲ ਵੋਟ ਸੈਂਟਰਾਂ ਦੀ ਵਰਤੋਂ ਕਰਨ ਦੀ ਆਸ ਨਹੀਂ ਰੱਖਦਾ।

## *2-E ਵੋਟ ਕੇਂਦਰਾਂ ਦਾ ਸਟਾਫ ਰੱਖਣਾ:*

*§4005(a)(10)(I)(vi)(IX)*

VRE ਨੂੰ ਹਰੇਕ ਵੋਟ ਕੇਂਦਰ ਵਿਖੇ ਘੱਟੋ-ਘੱਟ ਪੰਜ ਲੋਕਾਂ ਦਾ ਸਟਾਫ ਅਤੇ ਵਾਧੂ ਦੁਭਾਸ਼ੀਆ ਸਟਾਫ ਹੋਣ ਦੀ ਸੰਭਾਵਨਾ ਹੈ। ਵੋਟ ਕੇਂਦਰ ਵਿੱਚ ਜਾਂ ਇਸਦੇ ਨਾਲ ਲੱਗਦੇ ਸਰਹੱਦੀ ਇਲਾਕਿਆਂ ਲਈ ਪਛਾਣ ਕੀਤੇ ਭਾਈਚਾਰਕ ਇਨਪੁਟ (ਪ੍ਰਤੀਕਿਰਿਆ) ਅਤੇ ਭਾਸ਼ਾਵਾਂ ਦੁਭਾਸ਼ੀਆ ਸਟਾਫ ਦੀ ਸੰਖਿਆ ਦੱਸਣ ਵਿੱਚ ਮਦਦ ਕਰਨਗੀਆਂ।

## 2-F *ਅਪਾਹਜ ਵੋਟਰਾਂ ਲਈ ਸੇਵਾਵਾਂ*

*§4005(a)(10)(I)(vi)(X)*

ਹਰੇਕ ਵੋਟ ਕੇਂਦਰ ਵਿੱਚ ਘੱਟੋ-ਘੱਟ 3 ਪੂਰੀ ਤਰ੍ਹਾਂ ਪਹੁੰਚਯੋਗ ਟਚਸਕ੍ਰੀਨ ਵੋਟਿੰਗ ਡਿਵਾਈਸਾਂ ਹੋਣਗੀਆਂ।ਇਹ ਡਿਵਾਈਸਾਂ ਕੈਲੀਫੋਰਨੀਆਂ ਦੀਆਂ ਚੋਣਾਂ ਵਿੱਚ ਵਰਤੋਂ ਲਈ ਰਾਜ ਦੇ ਸਕੱਤਰ ਵੱਲੋਂ ਪ੍ਰਮਾਣਿਤ ਕੀਤੀਆਂ ਗਈਆਂ ਹਨ ਅਤੇ ਇਹ ਹਰੇਕ ਵੋਟਰ ਨੂੰ ਉਹਨਾਂ ਦੀ ਵੋਟ ਪਰਚੀ 'ਤੇ ਸੁਤੰਤਰਤਾ ਨਾਲ ਅਤੇ ਨਿੱਜੀ ਰੂਪ ਨਾਲ ਨਿਸ਼ਾਨ ਲਗਾਉਣ ਦੀ ਇਜਾਜ਼ਤ ਦਿੰਦੀਆਂ ਹਨ। ਆਵਰਧਕ (ਮੈਗਨੀਫਾਇੰਗ) ਗਲਾਸ, ਡੈਸਕ ਲੈਂਪ ਅਤੇ ਪੈਨ ਗ੍ਰਿਪਾਂ ਵੀ ਉਪਲਬਧ ਹੋਣਗੀਆਂ। ਸ਼ਾਂਤੀ ਸਥਾਪਨ ਉਪਕਰਨ ਵੋਟ ਕੇਂਦਰ ਸਥਾਨ ਵਿੱਚ ਮੁਹੱਈਆ ਕੀਤਾ ਜਾਏਗਾ, ਜਿਵੇਂ ਕਿ ਦੇਹਲੀ ਦੇ ਢਾਲਵੇਂ ਰਸਤੇ, ਦਰਵਾਜੇ ਦੇ ਸਟੌਪਰ ਜਾਂ ISA ਪਾਰਕਿੰਗ ਨਿਰਧਾਰਤ ਕਰਨ ਲਈ ਕੋਨਸ। ਸਾਰੇ ਵੋਟ ਕੇਂਦਰਾਂ ਵਿਚ ਸਟਾਫ ਖਾਸ ਲੋੜਾਂ ਵਾਲੇ ਵੋਟਰਾਂ ਦੀ ਸਹਾਇਤਾ ਕਰਨ ਅਤੇ ਪਹੁੰਚਯੋਗ ਟੱਚਸਕਰੀਨ ਵੋਟਿੰਗ ਯੰਤਰਾਂ ਦੀ ਵਰਤੋਂ ਦੀ ਸਿਖਲਾਈ ਪ੍ਰਾਪਤ ਕਰੇਗਾ। ਸਿਖਲਾਈ ਸਮੱਗਰੀ ਨੂੰ VAAC ਤੋਂ ਇਨਪੁੱਟ ਨਾਲ ਵਿਕਸਤ ਕੀਤਾ ਜਾਵੇਗਾ।

## 2-G *ਵੋਟ ਕੇਂਦਰਾਂ ਦਾ ਡਿਜ਼ਾਈਨ ਅਤੇ ਲੇਆਊਟ*

*§4005(a)(10)(I)(vi)(XI)*

ਲੇਆਊਟ ਸਬੰਧੀ ਨਿਰਦੇਸ਼ਾਂ ਦੀ ਵਰਤੋਂ ਇਹ ਯਕੀਨੀ ਬਣਾਉਣ ਲਈ ਕੀਤੀ ਜਾਏਗੀ ਕਿ ਵੋਟਿੰਗ ਬੂਥ ਅਤੇ ਪਹੁੰਚਯੋਗ ਵੋਟ ਪਰਚੀ 'ਤੇ ਨਿਸ਼ਾਨ ਲਗਾਉਣ ਵਾਲੀਆਂ ਡਿਵਾਈਸਾਂ ਨੂੰ ਇਸ ਢੰਗ ਨਾਲ ਰੱਖਿਆ ਜਾਂਦਾ ਹੈ, ਜਿਸ ਨਾਲ ਵੋਟ ਆਪਣੀ ਵੋਟ ਪਰਚੀ 'ਤੇ ਸੁਤੰਤਰਤਾ ਨਾਲ ਅਤੇ ਨਿੱਜੀ ਰੂਪ ਨਾਲ ਨਿਸ਼ਾਨ ਲਗਾ ਸਕਦੇ ਹਨ। ਲੇਆਊਟ ਵੋਟਰਾਂ ਦੀਆਂ

ਪਹੁੰਚਯੋਗਤਾ ਲੋੜਾਂ ਦੇ ਪ੍ਰਤੀ ਸੰਵੇਦਨਸ਼ੀਲ ਹੋਣਗੇ ਅਤੇ ਆਕ੍ਰਿਤੀਆਂ ਅਤੇ ਹਰੇਕ ਸਥਾਨ ਦੇ ਕਮਰਿਆਂ ਦੇ ਅਕਾਰਾਂ ਨੂੰ ਵੱਖ ਕਰਦੇ ਹੋਏ ਵਿਵਸਥਾ ਕਰਨ ਲਈ ਸਮਾਯੋਜਿਤ ਕੀਤੇ ਜਾਣਗੇ।ਨਮੂਨਾ ਲੇਆਊਟਾਂ ਲਈ ਅੰਤਿਕਾ G ਦੇਖੋ

## ਵੋਟ ਪਰਚੀ ਡ੍ਰੌਪ ਬੌਕਸ ਸਬੰਧੀ ਮਹੱਤਵਪੂਰਨ ਤੱਤ

### *2-H ਵੋਟ ਪਰਚੀ ਡ੍ਰੌਪ ਬੌਕਸ:* ਸੰਚਾਲਨ ਦੇ ਸਥਾਨ ਅਤੇ ਘੰਟੇ ਪ੍ਰਮਾਣਿਤ ਕੀਤੇ ਜਾਣ ਲਈ ਸੰਖਿਆ, ਪ੍ਰਕਾਸ਼ਨ ਦੇ ਸਮੇਂ ਉਪਲਬਧ ਹੋਣ ਦੀ ਸੀਮਾ ਤੱਕ

*§4005(a)(10)(I)(vi)*

#### *ਪ੍ਰਮਾਣਿਤ ਕੀਤੇ ਜਾਣ ਲਈ ਵੋਟ ਪਰਚੀ ਡ੍ਰੌਪ ਬੌਕਸਿਜ ਦੀ ਕੁੱਲ ਸੰਖਿਆ*

*§4005(a)(10)(I)(vi)(II)*

ਨਵੰਬਰ 2016 ਦੀਆਂ ਚੋਣਾਂ ਵਿੱਚ 772, 782 ਰਜਿਸਟਰਡ ਵੋਟਰਾਂ (ਵੱਡੀ ਸੰਖਿਆ) ਦੇ ਆਧਾਰ 'ਤੇ, ਕਾਉਂਟੀ ਚੋਣਾਂ ਦੇ ਦਿਨ ਤੋਂ 28 ਦਿਨ ਪਹਿਲਾਂ ਅਤੇ ਚੋਣਾਂ ਦੇ ਦਿਨ ਨੂੰ ਘੱਟੋ-ਘੱਟ 52 ਵੋਟ ਪਰਚੀ ਡ੍ਰੌਪ ਬੌਕਸ ਸਥਾਨ ਸਥਾਪਤ ਕਰੇਗੀ।

#### *ਹਰੇਕ ਵੋਟ ਪਰਚੀ ਡ੍ਰੌਪ ਬੌਕਸ ਦਾ ਸਥਾਨ ਅਤੇ ਸੰਚਾਲਨ ਦੇ ਘੰਟੇ (ਕਾਰਜ ਸਮਾਂ)*

*§4005(a)(10)(I)(vi)(IV), §4005(a)(10)(I)(vi)(VII)*

VRE ਦਾ ਟੀਚਾ ਪ੍ਰਸਿੱਧ ਅਤੇ ਪੂਰੀ ਤਰ੍ਹਾਂ ਪਹੁੰਚਯੋਗ ਫੈਸਿਲਿਟੀਜ ਵਿੱਚ ਡ੍ਰੌਪ ਬੌਕਸਾਂ ਨੂੰ ਸਥਾਪਤ ਕਰਨ ਲਈ LAAC, VAAC ਅਤੇ ਭਾਈਚਾਰਕ ਮੈਂਬਰਾਂ ਦੇ ਨਾਲ ਭਾਈਵਾਲੀ ਕਰਨਾ ਹੈ। ਡ੍ਰੌਪ ਬੌਕਸ ਸਥਾਨਾਂ ਨੂੰ ਪ੍ਰਮਾਣਿਤ ਕਰਨ ਦੀ ਪ੍ਰਕਿਰਿਆ ਇਸ ਯੋਜਨਾ ਦੇ ਪ੍ਰਕਾਸ਼ਿਤ ਹੋਣ ਦੇ ਸਮੇਂ ਜਾਰੀ ਸੀ। ਡ੍ਰੌਪ ਬੌਕਸਿਜ ਦੀ ਸੂਚੀ ਅਤੇ ਉਹਨਾਂ ਦੇ ਸੰਚਾਲਨ ਦੇ ਘੰਟੇ ਅੰਤਿਕਾ H ਵਿੱਚ ਦਿਖਾਏ ਗਏ ਹਨ, ਜੋ ਡ੍ਰੌਪ ਬੌਕਸ ਸਥਾਨਾਂ ਦੇ ਬਣਾਏ ਜਾਣ 'ਤੇ ਅੱਪਡੇਟ ਕੀਤੀ ਜਾਏਗੀ। ਇਹ ਸੂਚੀ ਹਰੇਕ ਵੋਟਰ ਨੂੰ ਮੁਹੱਈਆ ਕੀਤੀ ਜਾਣ ਵਾਲੀਆਂ ਚੋਣਾਂ ਸਮੱਗਰੀਆਂ ਵਿੱਚ ਸ਼ਾਮਲ ਕੀਤੀ ਜਾਏਗੀ।

ਵੋਟਰ ਰਜਿਸਟਰਾਰ ਦੇ ਦਫ਼ਤਰ ਵਿੱਚ ਰੋਜ਼ਾਨਾ 24 ਘੰਟੇ ਉਪਲਬਧ ਇੱਕ ਬਾਹਰਲਾ ਡ੍ਰੌਪ ਬੌਕਸ ਹੈ। ਹੋਰ ਸਾਰੇ ਡ੍ਰੌਪ ਬੌਕਸ ਸਥਾਨ ਦੇ ਅੰਦਰ ਹੋਣਗੇ।

## <u>ਵੋਟ ਕੇਂਦਰ ਅਤੇ ਡ੍ਰੌਪ ਬੌਕਸ ਸਥਾਨ ਦੇ ਨਕਸ਼ੇ</u>

### 2-I *ਸ਼ਥਾਨ ਦੇ ਨਕਸ਼ੇ*

*§4005(a)(10)(I)(vi)(V)*

ਵੋਟ ਕੇਂਦਰਾਂ ਅਤੇ ਵੋਟ ਪਰਚੀ ਡ੍ਰੌਪ ਬੌਕਸ ਦੇ ਸਥਾਨ ਦਿਖਾਉਂਦੇ ਹੋਏ ਨਕਸ਼ੇ ਅੰਤਿਕਾ I ਵਿੱਚ ਦਿਖਾਏ ਗਏ ਹਨ। ਇਹ ਨਕਸ਼ੇ ਸਥਾਨਾਂ ਨੂੰ ਸ਼ਾਮਲ ਕੀਤੇ ਜਾਣ 'ਤੇ ਅੱਪਡੇਟ ਕੀਤੇ ਜਾਣਗੇ।

## <u>ਵਾਧੂ ਚਿੰਤਨ</u>

### 2-J *ਇਸ ਯੋਜਨਾ ਦੇ ਹੇਠ ਅਨੁਮਾਨਿਤ ਖ਼ਰਚੇ ਅਤੇ ਬਚਤਾਂ*

*§4005(a)(10)(I)(v), §4005(g)(2)*

ਵੋਟਰ ਦੀ ਚੋਣ ਕਿਰਿਆ ਨੂੰ ਲਾਗੂ ਕਰਨ ਨਾਲ ਸਬੰਧਿਤ ਅਨੁਮਾਨਤ ਖ਼ਰਚੇ ਅਤੇ ਬਚਤਾਂ ਅੰਤਿਕਾ J ਵਿੱਚ ਦਿਖਾਈਆਂ ਗਈਆਂ ਹਨ। VRE ਨੂੰ ਵੋਟਰ ਦੀ ਚੋਣ ਕਿਰਿਆ ਦੇ ਪਹਿਲੇ ਲਾਗੂਕਰਨ ਦੇ ਸਿੱਟੇ ਵਜੋਂ ਕਾਉਂਟੀ ਦੇ ਵੋਟਿੰਗ ਉਪਕਰਨ ਦੀ ਰਿਪਲੇਸਮੈਂਟ ਨਾਲ ਸਬੰਧਿਤ ਖ਼ਰਚਾ ਘੱਟ ਹੋਣ ਦੀ ਆਸ ਹੈ, ਜਦਕਿ ਭਾਈਚਾਰਕ ਅਤੇ ਵੋਟਰ ਸ਼ਮੂਲੀਅਤ ਲਈ ਖ਼ਾਸ ਵਧੀਆਂ ਹੋਈਆਂ ਲੋੜਾਂ ਨੂੰ ਪੂਰਾ ਕਰਨ ਲਈ ਖ਼ਰਚੇ ਵਿੱਚ ਵਾਧਾ ਹੋਣ ਦਾ ਅਨੁਮਾਨ ਹੈ। VRE ਨੂੰ ਆਸ ਹੈ ਕਿ ਕਾਉਂਟੀ ਵਿੱਚ ਵੋਟਰ ਸ਼ਮੂਲੀਅਤ ਵਿੱਚ ਵਾਧਾ ਹੋਵੇਗਾ ਅਤੇ ਜਾਰੀ ਖ਼ਰਚਿਆਂ ਵਿੱਚ ਕਮੀ ਆਏਗੀ, ਜਿਵੇਂ ਕੋਲੋਰਾਡੋ (Colorado) ਵਿੱਚ ਇਸ ਵਰਗੇ ਪ੍ਰੋਗਰਾਮ ਦੇ ਲਾਗੂਕਰਨ ਤੋਂ ਬਾਅਦ ਹੋਇਆ ਸੀ।

ਵੋਟਰ ਦੀ ਚੋਣ ਕਿਰਿਆ ਦੇ ਅਧੀਨ ਸੰਚਾਲਿਤ ਹਰੇਕ ਚੋਣਾਂ ਤੋਂ ਬਾਅਦ, VRE ਚੋਣਾਂ ਦੇ ਖ਼ਰਚ ਦੀ ਤੁਲਨਾ ਰਿਪੋਰਟ ਤਿਆਰ ਕਰੇਗਾ, ਜੋ ਇੱਕ ਪਹੁੰਚਯੋਗ ਫੌਰਮੈਟ ਵਿੱਚ VRE ਦੀ ਵੈਬਸਾਈਟ 'ਤੇ ਪੋਸਟ ਕੀਤੀ ਜਾਏਗੀ।

### 2-K *ਚੋਣਾਂ ਤੋਂ ਬਾਅਦ ਦੀਆਂ ਗਤੀਵਿਧੀਆਂ*

### *ਵੋਟਰ ਪਹੁੰਚਯੋਗਤਾ ਅਤੇ ਭਾਗੀਦਾਰੀ ਵਿੱਚ ਖ਼ਾਸ ਅੰਤਰਾਂ ਦਾ ਪਤਾ ਲਗਾਉਣਾ, ਜਿਵੇਂ ਉਪਖੰਡ (Subdivision) (g) ਵੱਲੋਂ ਲੋੜੀਂਦਾ ਹੈ*

*§4005(a)(10)(I)(iii)*

ਵੋਟਰ ਦੀ ਚੋਣ ਕਿਰਿਆ ਦੇ ਅਧੀਨ ਸੰਚਾਲਿਤ ਹਰੇਕ ਚੋਣਾਂ ਤੋਂ ਬਾਅਦ, VRE ਵੋਟਰਾਂ ਤੋਂ ਪ੍ਰਾਪਤ ਟਿੱਪਣੀਆਂ ਦੀ ਸਮੀਖਿਆ ਕਰੇਗਾ ਅਤੇ ਸੈਕਸ਼ਨ 4005(g) ਦੇ ਅਨੁਪਾਲਣ ਵਿੱਚ ਇਕੱਤਰ ਕੀਤੇ ਡੇਟੇ ਬਾਰੇ LAAC and VAAC ਅਤੇ ਭਾਈਚਾਰਕ ਭਾਈਵਾਲਾਂ ਤੋਂ ਇਨਪੁਟ (ਪ੍ਰਤੀਕਿਰਿਆ) ਦੀ ਬੇਨਤੀ ਕਰੇਗਾ। VRE ਇੱਕ-ਇੱਕ ਆਈਟਮ ਦੇ ਆਧਾਰ 'ਤੇ ਪਛਾਣੇ ਗਏ ਖ਼ਾਸ ਅੰਤਰਾਂ ਦਾ ਪਤਾ ਲਗਾਉਣ ਦਾ ਸੰਭਵ ਯਤਨ ਕਰੇਗਾ।

### *ਵਿਧਾਨ ਸਭਾ ਨੂੰ ਰਿਪੋਰਟ ਦੇਣ ਦੇ ਨਾਲ SOS ਲਈ ਸਹਾਇਤਾ*

*§4005(g)(1)(A)*

### *ਰਾਜ ਦੇ ਸਕੱਤਰ ਨੂੰ ਚੋਣਾਂ ਦੇ ਅੰਕੜੇ ਮੁਹੱਈਆ ਕਰਨਾ*

VRE ਰਾਜ ਦੇ ਸਕੱਤਰ ਨੂੰ ਹਰੇਕ ਚੋਣਾਂ ਦੇ ਛੇ (6) ਮਹੀਨਿਆਂ ਦੇ ਅੰਦਰ-ਅੰਦਰ ਚੋਣ ਕੋਡ 4005 (g) ਵਿੱਚ ਸੂਚੀਬੱਧ ਅੰਕੜੇ ਸਬੰਧੀ ਡੇਟਾ ਮੁਹੱਈਆ ਕਰੇਗਾ।